P.O.Regn. G/CHD/0090/2024-2026 ਭੇਟਾ 10/-

# ਗੁਰਬਾਣੀ ਚਾਨਣੁ

ਅੰਕ 04 ਨਾਨਕਸ਼ਾਹੀ ਸੰਮਤ 556 ਚੇਤ/ਵੈਸਾਖਿ ਅਪ੍ਰੈਲ, 2024 ਸਾਲ 42

ਰਾਗੁ ਗਉੜੀ ਮਹਲਾ ੯ ॥

ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥੧॥ (ਅੰਗ-੨੧੯)

'ਗੁਰਬਾਣੀ ਇਸੁ ਜਗ ਮਹਿ ਚਾਨਣੁ'
ਪ੍ਰਚਾਰ ਤੇ ਪ੍ਰਸਾਰ ਸੰਸਥਾ
ਭਵਨ ਨੰ. 6, ਫੇਜ 3-ਏ (ਸੈਕਟਰ 53), ਐਸ.ਏ.ਐਸ.ਨਗਰ (ਮੋਹਾਲੀ)
E-mail : gurbanichanan1125@gmail.com ਫੋਨ : 0172-2913729
Website : WWW.GURBANICHANAN.ORG 98156-50812
You Tube Channel : Gurbani Chanan Magazine

ੴ ਸਤਿਗੁਰ ਪ੍ਰਸਾਦਿ ॥

**ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ ॥**
**ਜੋ ਤੂ ਦੇਹਿ ਸੁ ਕਹਾ ਸੁਆਮੀ ਮੈ ਮੂਰਖ ਕਹਣੁ ਨ ਜਾਈ ॥**

(ਰਾਗੁ ਬਿਲਾਵਲੁ ਮਹਲਾ ੧ ਚਉਪਦੇ ਘਰੁ ੧ ॥, ਅੰਗ-੭੯੫)

## ਸੰਸਥਾ ਦੇ ਕਾਰਜਾਂ ਲਈ ਬੈਂਕ ਵਿੱਚ ਸਹਾਇਤਾ ਰਾਸ਼ੀ ਭੇਜਣ ਲਈ ਪਤਾ :

**Bank A/C Name : Gurbani Iss Jag Meh Chanan**
**Bank Name : Panjab National Bank (Phase-1, Mohali)**
**Bank A/c No : 1155000100132409**
**IFSC Code : PUNB0040810**
**SWIFT Code (FOR FOREIGN REMITTENCE)**
**PUNBINBBMOH**

**ਸੰਸਥਾ ਦੇ ਕਾਰਜਾਂ ਲਈ ਸਹਾਇਤਾ ਭੇਜਣ ਲਈ**
**PAYTM/GPAY ਲਈ QR Code**

SCAN & PAY
9815650812m@pnb
MERCHANT: GURBANI ISS JAG MEH CHANAN

**ਬਾਨੀ (Founder) : ਗੁਰਪੁਰਵਾਸੀ ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ**
**ਮੁੱਖ ਸੇਵਾਦਾਰ : ਸ.ਕੁਲਬੀਰ ਸਿੰਘ**
**ਮੁੱਖ ਸੰਪਾਦਕ : ਡਾ.ਪਰਮਜੀਤ ਸਿੰਘ** **ਸਹਿ ਸੰਪਾਦਕ : ਡਾ.ਗੁਰਬਚਨ ਸਿੰਘ**
**ਸੰਪਾਦਕੀ ਬੋਰਡ : ਸ.ਹਰੀ ਸਿੰਘ ਕੁਵੈਤ ਵਾਲੇ, ਸ.ਗੁਲਜਾਰ ਸਿੰਘ**

## ਤਤਕਰਾ

| | | | |
|---|---|---|---|
| 1. | ਜੀਵਨ ਮਾਰਗ | ਡਾ.ਪਰਮਜੀਤ ਸਿੰਘ | 03 |
| 2. | ਪ੍ਰਭੂ ਪ੍ਰੇਮ ਦੀ ਤਾਂਘ | ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ | 10 |
| 3. | ਸੁੱਚੀ ਕਿਰਤ ਚਿੰਨ੍ਹ ਏ ਮਾਨਵਤਾ ਦਾ | ਪ੍ਰਿੰ.ਜੋਗਿੰਦਰ ਸਿੰਘ | 17 |
| 4. | ਸਿਰਲੱਥ ਸ਼ਹੀਦ ਭਾਈ ਬਖਸ਼ੀਸ਼ ਸਿੰਘ | ਡਾ.ਗੁਰਬਚਨ ਸਿੰਘ | 19 |
| 5. | ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ | ਸ.ਬਲਿਹਾਰ ਸਿੰਘ | 24 |
| 6. | ਨਿਆਰਾ ਖਾਲਸਾ (ਕਵਿਤਾ) | ਸ.ਹਰਜਿੰਦਰ ਸਿੰਘ | 31 |
| 7. | ਖਬਰਾਵਲੀ | ਸੰਪਾਦਕ | 35 |

ਨੋਟ : ਪਰਚੇ ਵਿਚ ਛਪੇ ਲੇਖਾਂ ਵਿਚ ਲੇਖਕਾਂ ਦੇ ਆਪਣੇ ਵਿਚਾਰ ਹਨ। ਬੇਸ਼ਕ ਸਾਰੇ ਲੇਖ ਪੂਰੀ ਛਾਣ-ਬੀਨ ਤੋਂ ਬਾਅਦ ਛਾਪੇ ਜਾਂਦੇ ਹਨ, ਪਰ ਫੇਰ ਵੀ ਸੰਪਾਦਕੀ ਬੋਰਡ ਦਾ ਇਨ੍ਹਾਂ ਨਾਲ ਸਹਿਮਤ ਹੋਣਾ ਜਰੂਰੀ ਨਹੀਂ ।

ਪ੍ਰਿੰਟਰ ਅਤੇ ਪਬਲਿਸ਼ਰ ਡਾ.ਪਰਮਜੀਤ ਸਿੰਘ ਨੇ "ਗੁਰਬਾਣੀ ਇਸੁ ਜਗ ਮਹਿ ਚਾਨਣੁ" ਪ੍ਰਚਾਰ ਤੇ ਪ੍ਰਸਾਰ ਸੰਸਥਾ ਵਾਸਤੇ ਮਜੈਸਟਿਕ ਪ੍ਰਿੰਟਿੰਗ ਪ੍ਰੈਸ, ਮੋਹਾਲੀ ਤੋਂ ਛਪਵਾ ਕੇ ਸੰਸਥਾ ਦੇ ਦਫਤਰ ਭਵਨ ਨੰ.6, ਫੇਜ਼-3-ਏ, ਮੋਹਾਲੀ (ਪੰਜਾਬ) ਤੋਂ ਪ੍ਰਕਾਸ਼ਿਤ ਕੀਤਾ।

# ਜੀਵਨ ਮਾਰਗ

## (ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਤੇ ਆਧਾਰਿਤ)

-ਡਾ: ਪਰਮਜੀਤ ਸਿੰਘ , ਮੋ.87259-00257

ਗੁਰੂ ਤੇਗ ਬਹਾਦਰ ਜੀ ਦੀ ਸ਼ਖਸੀਅਤ ਨੂੰ ਅਸੀਂ ਆਮ ਤੌਰ ਤੇ ਵੈਰਾਗ ਤੇ ਤਿਆਗ ਦੀ ਮੂਰਤ ਆਖਦੇ ਹਾਂ ਅਤੇ ਉਨ੍ਹਾਂ ਦੀ ਬਾਣੀ 'ਚੋਂ ਵੀ ਅਸੀਂ ਵੈਰਾਗ ਤੇ ਤਿਆਗ ਦੇ ਭਾਵਾਂ ਨੂੰ ਲੱਭਣ ਦਾ ਜਤਨ ਕਰਦੇ ਹਾਂ। ਪਰ ਗਹੁ ਨਾਲ ਵਿਚਾਰੀਏ ਤਾਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਸਾਨੂੰ ਜੀਵਨ ਦਾ ਸੱਚਾ ਮਾਰਗ ਵਿਖਾਉਣ ਦੇ ਜਤਨ ਕਰਦੀ ਹੈ। ਵੈਰਾਗ ਤੇ ਤਿਆਗ ਦੇ ਭਾਵ ਤਾਂ ਜੀਵਨ ਦੇ ਸੱਚੇ ਮਾਰਗ ਵਿਚਲੇ ਕੇਵਲ ਪੜ੍ਹਾਅ ਹਨ। ਇਸ ਲਈ ਸਾਨੂੰ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਨੂੰ ਗਹੁ ਨਾਲ ਪੜ੍ਹਨ ਤੇ ਵਿਚਾਰਨ ਦੀ ਲੋੜ ਹੈ।

ਆਪ ਜੀ ਗਉੜੀ ਰਾਗ ਦਾ ਪਹਿਲਾ ਸ਼ਬਦ ਹੀ ਕੁਝ ਇਸ ਭੇਦ ਨੂੰ ਖੋਲ੍ਹਣ ਵਿੱਚ ਸਹਾਈ ਹੁੰਦਾ ਹੈ। ਆਪ ਜੀ ਫੁਰਮਾ ਰਹੇ ਹਨ :

**ਸਾਧੋ ਮਨ ਕਾ ਮਾਨੁ ਤਿਆਗਉ ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥ ਸੁਖੁ ਦੁਖੁ ਦੋਨੋ ਸਮ ਕਰਿ ਜਾਨੈ ਅਉਰੁ ਮਾਨੁ ਅਪਮਾਨਾ ॥ ਹਰਖ ਸੋਗ ਤੇ ਰਹੈ ਅਤੀਤਾ ਤਿਨਿ ਜਗਿ ਤਤੁ ਪਛਾਨਾ ॥੧॥ ਉਸਤਤਿ ਨਿੰਦਾ ਦੋਊ ਤਿਆਗੈ ਖੋਜੈ ਪਦੁ ਨਿਰਬਾਨਾ ॥ ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ ॥੨॥** (ਅੰਗ-੨੧੯)

ਇਸ ਸ਼ਬਦ ਰਾਹੀਂ ਗੁਰਮੁਖ ਦੇ ਜੀਵਨ ਦਾ ਸੱਚਾ ਮਾਰਗ ਦਰਸਾਇਆ ਗਿਆ ਹੈ। ਗੁਰਮੁਖ ਆਪਣੇ ਮਨ ਦੇ ਮਾਨ ਨੂੰ ਤਿਆਗੇ, ਕਾਮ, ਕ੍ਰੋਧ ਅਤੇ ਦੁਰਜਨਾਂ ਦੀ ਸੰਗਤ ਤੋਂ ਦਿਨ ਰਾਤ ਦੂਰ ਰਹੇ, ਜੀਵਨ ਵਿੱਚ ਆਉਣ ਵਾਲੇ ਦੁੱਖ ਸੁੱਖ, ਮਾਨ ਅਤੇ ਅਪਮਾਨ ਇੱਕ ਸਮਾਨ ਕਰਕੇ ਜਾਣੇ। ਖੁਸ਼ੀ ਅਤੇ ਗਮੀ ਤੋਂ ਨਿਰਲੇਪ ਹੋ ਕੇ ਰਹੇ। ਸੰਸਾਰੀ ਉਸਤਤਿ ਅਤੇ ਨਿੰਦਾ ਦੋਹਾਂ ਤੋਂ ਉਪਰ ਉੱਠ ਕੇ ਉਨ੍ਹਾਂ ਦਾ ਤਿਆਗ ਕਰੇ। ਜਿਸ ਜੀਵ ਨੇ ਸੰਸਾਰ ਵਿੱਚ ਵਿਚਰਦਿਆਂ ਹੋਇਆ ਜੀਵਨ ਦੇ ਇਸ ਤੱਤ ਨੂੰ ਪਛਾਣ ਲਿਆ ਹੈ, ਸਮਝੋ ਉਸ ਨੇ ਨਿਰਬਾਨ ਪਦ ਦੀ ਖੋਜ ਅਰੰਭ ਕਰ ਦਿੱਤੀ ਹੈ। ਗੁਰੂ ਜੀ ਆਖ ਰਹੇ ਹਨ ਕਿ ਜੀਵਨ ਦੀ ਇਹ ਖੇਲ ਬੜੀ ਕਠਿਨ ਹੈ ਪਰ ਕੋਈ ਵਿਰਲਾ ਗੁਰਮੁਖ ਹੀ ਇਸ ਨੂੰ ਜਾਣ ਸਕਦਾ ਹੈ।

੨. ਇਸ ਖੇਲ ਨੂੰ ਸਮਝਣ ਲਈ ਇਹ ਦ੍ਰਿੜ ਕਰਨਾ ਜ਼ਰੂਰੀ ਹੈ ਕਿ ਇਹ ਮਾਨਸ

ਜਨਮ ਬੜਾ ਅਮੋਲਕ ਹੈ ਤੇ ਇਸ ਨੂੰ ਬਿਰਥਾ ਨਾ ਗਵਾਇਆ ਜਾਵੇ।

**ਸਾਧੋ ਗੋਬਿੰਦ ਕੇ ਗੁਨ ਗਾਵਉ ॥ ਮਾਨਸ ਜਨਮੁ ਅਮੋਲਕੁ ਪਾਇਓ ਬਿਰਥਾ ਕਾਹਿ ਗਵਾਵਉ ॥੧॥ ਰਹਾਉ ॥ ਪਤਿਤ ਪੁਨੀਤ ਦੀਨ ਬੰਧ ਹਰਿ ਸਰਨਿ ਤਾਹਿ ਤੁਮ ਆਵਉ ॥ ਗਜ ਕੋ ਤ੍ਰਾਸੁ ਮਿਟਿਓ ਜਿਹ ਸਿਮਰਤ ਤੁਮ ਕਾਹੇ ਬਿਸਰਾਵਉ ॥੧॥ ਤਜਿ ਅਭਿਮਾਨ ਮੋਹ ਮਾਇਆ ਫੁਨਿ ਭਜਨ ਰਾਮ ਚਿਤੁ ਲਾਵਉ ॥ ਨਾਨਕ ਕਹਤ ਮੁਕਤਿ ਪੰਥ ਇਹੁ ਗੁਰਮੁਖਿ ਹੋਇ ਤੁਮ ਪਾਵਉ ॥੨॥** (ਅੰਗ-੨੧੯)

ਕਈ ਜੂਨੀਆਂ ਵਿੱਚ ਭਟਕਣ ਪਿੱਛੋਂ ਇਹ ਮਾਨਸ ਜਨਮ ਮਿਲਿਆ ਹੈ ਤੇ ਇਸ ਜਨਮ ਵਿੱਚ ਆ ਕੇ ਵੀ ਅਸਥਿਰ ਮਨ ਦੀ ਪ੍ਰਾਪਤੀ ਨਹੀਂ ਹੋਈ ਗੁਰੂ ਜੀ ਸਮਝਾ ਰਹੇ ਹਨ :

**ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥**
**ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥** (ਅੰਗ-੬੩੨)

**ਸਗਲ ਜਨਮ ਭਰਮ ਹੀ ਭਰਮ ਖੋਇਓ ਨਹ ਅਸਥਿਰੁ ਮਤਿ ਪਾਈ ॥**
**ਬਿਖਿਆਸਕਤ ਰਹਿਓ ਨਿਸ ਬਾਸੁਰ ਨਹ ਛੂਟੀ ਅਧਮਾਈ ॥੧॥** (ਅੰਗ-੬੩੨)

ਇਸ ਮਨੁੱਖਾ ਜਨਮ ਵਿੱਚ ਆ ਕੇ ਵੀ ਦਿਨ ਰਾਤ ਬਿਖ ਮਾਇਆ ਵਿੱਚ ਹੀ ਉਰਝਿਆ ਰਿਹਾ ਅਤੇ ਇਹ ਮਤ ਨ ਆਈ ਕਿ :

**ਸਾਧਸੰਗੁ ਕਬਹੂ ਨਹੀ ਕੀਨਾ ਨਹ ਕੀਰਤਿ ਪ੍ਰਭ ਗਾਈ ॥** (ਅੰਗ-੬੩੨)

ਸੰਗਤ ਵਿੱਚ ਬੈਠ ਕੇ ਪ੍ਰਭੂ ਦੀ ਕੀਰਤੀ ਗਾਈ ਜਾਵੇ। ਮਨੁੱਖ ਨੂੰ ਆਪਣੇ ਤਨ ਦੇ ਬਲ ਤੇ ਬੜਾ ਮਾਣ ਹੁੰਦਾ ਹੈ। ਪਰ ਇਹ ਨਹੀਂ ਜਾਣਦਾ ਕਿ ਇਹ ਮਿਥਿਆ ਹੈ ਅਤੇ ਬਿਨਸਨਹਾਰ ਹੈ। ਇਸ ਉਪਰ ਕੀਤਾ ਹੋਇਆ ਮਾਣ ਵੀ ਝੂਠਾ ਹੈ। ਗੁਰੂ ਜੀ ਫੁਰਮਾਂਦੇ ਹਨ:

**ਜੋ ਤਨੁ ਤੈ ਅਪਨੋ ਕਰਿ ਮਾਨਿਓ ਅਰੁ ਸੁੰਦਰ ਗ੍ਰਿਹ ਨਾਰੀ ॥**
**ਇਨ ਮੈਂ ਕਛੁ ਤੇਰੋ ਰੇ ਨਾਹਨਿ ਦੇਖੋ ਸੋਚ ਬਿਚਾਰੀ ॥੧॥** (ਅੰਗ-੨੨੦)

੩. ਤੇਰੇ ਤਨ ਨਾਲ ਜੁੜਿਆ ਹੋਇਆ ਪਰਿਵਾਰ ਅਤੇ ਸਾਕ-ਸੰਬੰਧੀਆਂ ਦਾ ਵੀ ਤੇਰੇ ਨਾਲ ਸੰਬੰਧ ਕੇਵਲ ਜੀਉਂਦਿਆਂ ਦਾ ਹੀ ਬਿਉਹਾਰ ਹੈ। ਤਨ ਵਿਚੋਂ ਪ੍ਰਾਣਾਂ ਦੇ ਨਿਕਲਦਿਆਂ ਹੀ ਸਾਰੇ ਰਿਸ਼ਤੇ ਨਾਤੇ ਝੂਠੇ ਹੋ ਜਾਣਗੇ ਤੇ ਤੈਨੂੰ ਘਰ ਵਿੱਚ ਇੱਕ ਘੜੀ ਲਈ ਵੀ ਰੱਖਣ ਨੂੰ ਤਿਆਰ ਨਹੀਂ ਹੋਵੇਗਾ।

**ਸਭ ਕਿਛੁ ਜੀਵਤ ਕੋ ਬਿਵਹਾਰ ॥ ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ ॥੧॥ ਰਹਾਉ ॥ ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ ॥ ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ ॥੧॥**(ਅੰਗ-੫੩੬)

੪. ਗੁਰੂ ਜੀ ਸਮਝਾਉਂਦੇ ਹਨ ਕਿ ਇਹ ਸੰਸਾਰ ਦੀ ਬਾਹਰੀ ਦਿਖਾਈ ਦੇਂਦੀ ਪ੍ਰੀਤ ਝੂਠੀ ਹੈ, ਸਾਰੇ ਸੰਬੰਧੀ ਕੇਵਲ ਆਪਣੇ ਆਪਣੇ ਸੁੱਖਾਂ ਕਰਕੇ ਹੀ ਤੇਰੇ ਨਾਲ ਸੰਬੰਧੀ ਕੇਵਲ ਆਪਣੇ ਆਪਣੇ ਸੁੱਖਾਂ ਕਰਕੇ ਹੀ ਤੇਰੇ ਨਾਲ ਜੁੱੜੇ ਹੋਏ ਹਨ। ਅੰਤ ਸਮੇਂ ਇਨ੍ਹਾਂ ਵਿਚੋਂ ਕੋਈ ਵੀ ਤੇਰੇ ਨਾਲ ਨਹੀਂ ਨਿਭੇਗਾ। ਇਸ ਲਈ ਪ੍ਰਭੂ ਦੀ ਸਿਫਤ ਸਾਲਾਹ ਵਿੱਚ ਜੁੜ, ਜੋ ਅੰਤ ਸਮੇਂ ਤਕ ਤੇਰੇ ਨਾਲ ਨਿਭੇਗੀ।

**ਜਗਤ ਮੈ ਝੂਠੀ ਦੇਖੀ ਪ੍ਰੀਤਿ ॥ ਅਪਨੇ ਹੀ ਸੁਖ ਸਿਉ ਸਭ ਲਾਗੇ ਕਿਆ ਦਾਰਾ ਕਿਆ ਮੀਤ ॥੧॥ ਰਹਾਉ ॥ ਮੇਰਉ ਮੇਰਉ ਸਭੈ ਕਹਤ ਹੈ ਹਿਤ ਸਿਉ ਬਾਧਿਓ ਚੀਤ ॥ ਅੰਤਿ ਕਾਲਿ ਸੰਗੀ ਨਹ ਕੋਊ ਇਹ ਅਚਰਜ ਹੈ ਰੀਤਿ ॥੧॥ ਮਨ ਮੂਰਖ ਅਜਹੂ ਨਹ ਸਮਝਤ ਸਿਖ ਦੈ ਹਾਰਿਓ ਨੀਤ ॥ ਨਾਨਕ ਭਉਜਲੁ ਪਾਰਿ ਪਰੈ ਜਉ ਗਾਵੈ ਪ੍ਰਭ ਕੇ ਗੀਤ ॥੨॥** (ਅੰਗ-੫੩੬)

ਇਸਤ੍ਰੀ, ਪੁੱਤਰ, ਧੀਆਂ ਤੇ ਮਿੱਤਰ ਸਭ ਤੇਰੇ ਧਨ ਕਰਕੇ ਤੇਰੇ ਨਾਲ ਜੁੱੜੇ ਹਨ, ਇਸ ਲਈ ਇਨ੍ਹਾਂ ਦਾ ਸਹਾਰਾ ਮਿਥਿਆ ਕਰਕੇ ਜਾਣ ਤੇ ਰਮੇ ਹੋਏ ਰਾਮ ਦਾ ਭਜਨ ਹੀ ਅੰਤ ਸਮੇਂ ਤੇਰੇ ਲਈ ਸਹੀ ਸਾਬਤ ਹੋਵੇਗਾ :

**ਦਾਰਾ ਮੀਤ ਪੂਤ ਰਥ ਸੰਪਤਿ ਧਨ ਪੂਰਨ ਸਭ ਮਹੀ ॥**
**ਅਵਰ ਸਗਲ ਮਿਥਿਆ ਏ ਜਾਨਉ ਭਜਨੁ ਰਾਮੁ ਕੋ ਸਹੀ ॥੧॥** (ਅੰਗ-੬੩੧)

**ਸੋਰਠਿ ਮਹਲਾ ੯ ॥ ਇਹ ਜਗਿ ਮੀਤੁ ਨ ਦੇਖਿਓ ਕੋਈ ॥ ਸਗਲ ਜਗਤੁ ਅਪਨੈ ਸੁਖਿਲਾਗਿਓ ਦੁਖ ਮੈ ਸੰਗਿ ਨ ਹੋਈ ॥੧॥ ਰਹਾਉ ॥ ਦਾਰਾ ਮੀਤ ਪੂਤ ਸਨਬੰਧੀ ਸਗਰੇ ਧਨ ਸਿਉ ਲਾਗੇ ॥ ਜਬ ਹੀ ਨਿਰਧਨ ਦੇਖਿਓ ਨਰ ਕਉ ਸੰਗੁ ਛਾਡਿ ਸਭ ਭਾਗੇ ॥੧॥** (ਅੰਗ-੬੩੩)

ਇਸ ਸੰਸਾਰ ਵਿੱਚ ਕੋਈ ਕਿਸੇ ਦਾ ਮਿੱਤਰ ਨਹੀਂ। ਇਸਤਰੀ, ਪੁੱਤਰ, ਮਿੱਤਰ ਤੇ ਸੰਬੰਧੀ ਸਭ ਧਨ ਕਰਕੇ ਤੇਰੇ ਨਾਲ ਹਨ ਅਤੇ ਤੇਰੇ ਦੁੱਖ ਸਮੇਂ ਕੋਈ ਨਾਲ ਹੀ ਜੁੜੇਗਾ। ਤੈਨੂੰ ਨਿਰਧਨ ਦੇਖ ਕੇ ਸਭ ਤੇਰਾ ਸਾਥ ਛੱਡ ਕੇ ਭੱਜ ਜਾਣਗੇ। ਸੋਚੀਏ ਕਿਤਨਾ ਵੱਡਾ ਸੰਦੇਸ਼ ਹੈ।

੫. ਮਨੁੱਖ ਨੂੰ ਆਪਣੀ ਇਕੱਠੀ ਕੀਤੀ ਹੋਈ ਧਨ, ਸੰਪਤੀ ਤੇ ਦੌਲਤ ਉੱਤੇ ਵੀ ਬੜਾ ਮਾਣ ਹੁੰਦਾ ਹੈ ਕਿ ਉਹ ਇਸ ਮਾਇਆ ਦੇ ਨਾਲ ਸਾਰੇ ਸੁੱਖ ਭੋਗ ਸਕਦਾ ਹੈ ਪਰ ਇਹ ਨਹੀਂ ਜਾਣਦਾ ਕਿ ਮਾਇਆ ਦੇ ਸੁੱਖ ਸਦਾ ਲਈ ਜੀਵ ਦਾ ਸਹਾਰਾ ਨਹੀਂ ਬਣਦੇ, ਇਨ੍ਹਾਂ ਵਿਚੋਂ ਹੀ ਦੁੱਖ ਜਨਮ ਲੈ ਲੈਂਦੇ ਹਨ। ਗੁਰੂ ਜੀ ਉਪਦੇਸ਼ ਦਿੰਦੇ ਹੋਏ ਸਮਝਾਉਂਦੇ ਹਨ :

**ਬਾਰੂ ਭੀਤਿ ਬਨਾਈ ਰਚਿ ਪਚਿ ਰਹਤ ਨਹੀ ਦਿਨ ਚਾਰਿ ॥**
**ਤੈਸੇ ਹੀ ਇਹ ਸੁਖ ਮਾਇਆ ਕੇ ਉਰਝਿਓ ਕਹਾ ਗਵਾਰ ॥੧॥** (ਅੰਗ-੬੩੩)

ਮਾਇਆ ਦੇ ਸੁੱਖਾਂ ਮਗਰ ਦੌੜਦਿਆਂ ਹੋਇਆ ਮਨੁੱਖ ਦੀ ਜੋ ਹਾਲਤ ਹੁੰਦੀ ਹੈ, ਉਸ ਨੂੰ ਗੁਰੂ ਜੀ ਬੜਾ ਸੁੰਦਰ ਝਸਟਾਉਂਦੇ ਹਨ :

**ਬਿਰਥਾ ਕਹਉ ਕਉਨ ਸਿਉ ਮਨ ਕੀ ॥ ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ ॥੧॥ ਰਹਾਉ ॥ ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ ॥ ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ ॥੧॥ ਮਾਨਸ ਜਨਮ ਅਕਾਰਥ ਖੋਵਤ ਲਾਜ ਨ ਲੋਕ ਹਸਨ ਕੀ ॥ ਨਾਨਕ ਹਰਿ ਜਸੁ ਕਿਉ ਨਹੀ ਗਾਵਤ ਕੁਮਤਿ ਬਿਨਾਸੈ ਤਨ ਕੀ ॥੨॥**(ਅੰਗ-੪੧੧)

ਮਾਇਆ ਦੇ ਹੱਥਾਂ ਵਿੱਚ ਜੀਵ ਵਿੱਚ ਚੁੱਕਾ ਹੈ ਅਤੇ ਬਿਖ ਰੂਪੀ ਮਾਇਆ ਨੂੰ ਇਕੱਤਰ ਕਰਨ ਵਿੱਚ ਇਤਨਾ ਜਿਆਦਾ ਉਰਝ ਗਿਆ ਕਿ ਅਮੋਲਕ ਰਤਨ ਨਾਮ ਦੀ ਪਹਿਚਾਣ ਹੀ ਨਹੀਂ ਰਹੀ।

**ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥**
**ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥** (ਅੰਗ-੬੩੨)

ਗੁਰੂ ਜੀ ਮਨ ਨੂੰ ਸੰਬੋਧਿਤ ਕਰਕੇ ਸਾਨੂੰ ਸਮਝਾ ਰਹੇ ਹਨ ਕਿ ਹੇ ਮੇਰੇ ਮਨ ! ਤੂੰ ਕਿਹੜੀ ਭੈੜੀ ਮੱਤ ਧਾਰਨ ਕੀਤੀ ਹੋਈ ਹੈ। ਤੂੰ ਪਰਾਈ ਇਸਤ੍ਰੀ, ਨਿੰਦਿਆ ਦੇ ਰਸ ਵਿੱਚ ਉਰਝਿਆ ਪਿਆ ਹੈ ਅਤੇ ਪਰਮੇਸ਼ਰ ਦੀ ਭਗਤੀ ਨਹੀਂ ਕੀਤੀ। ਧਨ ਜੌੜਨ ਵਿੱਚ ਲੱਗਿਆ ਹੋਇਆ ਹੈ ਅਤੇ ਜੀਵਨ ਮੁਕਤ ਹੋਣ ਦੇ ਮਾਰਗ ਦੀ ਪਹਿਚਾਣ ਨਹੀਂ ਕੀਤੀ। ਇਹ ਧਨ ਤੇਰੇ ਨਾਲ ਨਹੀਂ ਜਾਣਾ ਅਤੇ ਵਿਅਰਥ ਹੀ ਆਪਣੇ ਆਪ ਨੂੰ ਮਾਇਆ ਦੇ ਇਕੱਤਰ ਕਰਨ ਦੇ ਬੰਧਨ ਵਿੱਚ ਫਸਾਈ ਬੈਠਾ ਹੈ। ਤੇਰੇ ਅੰਦਰ ਕੋਈ ਗਿਆਨ ਅਥਵਾ ਸੋਝੀ ਨਹੀਂ ਪੈਦਾ ਹੋਈ, ਨਾ ਤੂੰ ਪਰਮਾਤਮਾ ਦਾ ਭਜਨ ਕੀਤਾ ਅਤੇ ਗੁਰ-ਸੇਵਕਾਂ ਦੀ ਸੇਵਾ ਕੀਤੀ ਹੈ। ਮਾਇਆ ਤੋਂ ਰਹਿਤ ਪਰਮਾਤਮਾ ਤਾਂ ਤੇਰੇ ਹਿਰਦੇ ਦੇ ਅੰਦਰ ਵਸਦਾ ਸੀ, ਜਿਸ ਦੀ ਖੋਜ ਨਹੀਂ ਕੀਤੀ ਅਤੇ ਬਾਹਰ ਜੰਗਲਾ ਵਿੱਚ ਭਟਕ ਰਿਹਾ ਹੈ।

**ਮਨ ਰੇ ਕਉਨੁ ਕੁਮਤਿ ਤੈ ਲੀਨੀ ॥ ਪਰ ਦਾਰਾ ਨਿੰਦਿਆ ਰਸ ਰਚਿਓ ਰਾਮ ਭਗਤਿ ਨਹਿ ਕੀਨੀ ॥੧॥ ਰਹਾਉ ॥ ਮੁਕਤਿ ਪੰਥੁ ਜਾਨਿਓ ਤੈ ਨਾਹਨਿ ਧਨ ਜੋਰਨ ਕਉ ਧਾਇਆ ॥ ਅੰਤਿ ਸੰਗ ਕਾਹੂ ਨਹੀ ਦੀਨਾ ਬਿਰਥਾ ਆਪੁ ਬੰਧਾਇਆ ॥੧॥ ਨਾ ਹਰਿ ਭਜਿਓ ਨ ਗੁਰ ਜਨੁ ਸੇਵਿਓ ਨਹ ਉਪਜਿਓ ਕਛੁ ਗਿਆਨਾ ॥ ਘਟ ਹੀ ਮਾਹਿ ਨਿਰੰਜਨੁ ਤੇਰੈ ਤੈ ਖੋਜਤ ਉਦਿਆਨਾ ॥੨॥ ਬਹੁਤੁ ਜਨਮ ਭਰਮਤ ਤੈ ਹਾਰਿਓ ਅਸਥਿਰ ਮਤਿ ਨਹੀ ਪਾਈ ॥ ਮਾਨਸ ਦੇਹ ਪਾਇ ਪਦ ਹਰਿ ਭਜੁ ਨਾਨਕ ਬਾਤ ਬਤਾਈ ॥੩॥** (ਅੰਗ-੬੩੨)

੭. ਜੀਵ ਆਪਣੇ ਤਨ, ਧਨ, ਮਾਇਆ, ਪਰਿਵਾਰਿਕ ਸੰਬੰਧੀਆਂ ਤੇ ਮਿਤਰਾਂ ਦੇ ਮੋਹ ਵਿੱਚ ਜਕੜਿਆ ਹੋਇਆ ਇਹ ਵੀ ਨਹੀਂ ਜਾਣਦਾ ਕਿ ਇਹ ਸਾਰਾ ਸੰਸਾਰ ਹੀ ਝੂਠਾ, ਬਿਨਸਨਹਾਰ ਹੈ ਅਤੇ ਇਸ ਨਾਲ ਜੁੜੇ ਹੋਏ ਸਾਰੇ ਸਬੰਧ ਵੀ ਝੂਠੇ ਤੇ ਨਾਸ਼ਵਾਨ ਹਨ।

**ਗਉੜੀ ਮਹਲਾ ੯ ॥ ਪ੍ਰਾਨੀ ਕਉ ਹਰਿ ਜਸੁ ਮਨਿ ਨਹੀ ਆਵੈ ॥ ਅਹਿਨਿਸਿ ਮਗਨੁ ਰਹੈ ਮਾਇਆ ਮੈ ਕਹੁ ਕੈਸੇ ਗੁਨ ਗਾਵੈ ॥੧॥ ਰਹਾਉ ॥ ਪੂਤ ਮੀਤ ਮਾਇਆ ਮਮਤਾ ਸਿਉ ਇਹ ਬਿਧਿ ਆਪੁ ਬੰਧਾਵੈ ॥ ਮ੍ਰਿਗ ਤ੍ਰਿਸਨਾ ਜਿਉ ਝੂਠੋ ਇਹੁ ਜਗ ਦੇਖਿ ਤਾਸਿ ਉਠਿ ਧਾਵੈ ॥੧॥** (ਅੰਗ-੨੧੯)

ਪ੍ਰਾਨੀ ਨੂੰ ਆਪਣੇ ਮਨ ਵਿੱਚ ਪ੍ਰਭੂ ਦੀ ਸਿਫਤ ਸਾਲਾਹ ਦੇ ਵਿਚਾਰ ਨਹੀਂ ਆਉਂਦੇ ਅਤੇ ਉਹ ਦਿਨ ਰਾਤ ਮਾਇਆ ਇਕੱਤਰ ਕਰਨ ਵਿੱਚ ਰੁੱਝਾ ਰਹਿੰਦਾ ਹੈ ਇਸ ਲਈ ਉਹ ਕਿਵੇਂ ਪ੍ਰਭੂ ਦੇ ਗੁਣ ਗਾ ਸਕਦਾ ਹੈ, ਉਸ ਦੀ ਸਿਫਤ ਸਾਲਾਹ ਕਰ ਸਕਦਾ ਹੈ। ਉਸ ਦੀ ਹਾਲਤ ਇਹ ਹੈ ਕਿ ਉਹ ਆਪਣੇ ਪੁੱਤਰਾਂ, ਮਿੱਤਰਾਂ ਅਤੇ ਮਾਇਆ ਦੀ ਮਮਤਾ ਵਿੱਚ ਖੁੱਭਾ ਹੋਇਆ ਆਪਣੇ ਆਪ ਨੂੰ ਬੰਧਨਾਂ ਵਿੱਚ ਫਸਾਈ ਬੈਠਾ ਹੈ। ਇਹ ਨਹੀਂ ਜਾਣਦਾ ਕਿ ਇਹ ਸੰਸਾਰ ਮ੍ਰਿਗ-ਤ੍ਰਿਸ਼ਨਾ ਸਮਾਨ ਝੂਠਾ ਹੈ ਜਿਵੇਂ ਮਿਰਗ ਨੂੰ ਦੂਰ ਪਾਣੀ ਦੀ ਝਲਕ ਵਿਖਾਈ ਦੇਂਦੀ ਹੈ, ਇਸ ਪ੍ਰਕਾਰ ਉਹ ਪਾਣੀ ਦੀ ਭਾਲ ਵਿੱਚ ਭਟਕਦਾ ਹੀ ਆਪਣੇ ਪ੍ਰਾਣ ਗੁਆ ਬੈਠਦਾ ਹੈ, ਠੀਕ ਇਹੀ ਹਾਲਤ ਜੀਵ ਦੀ ਹੈ ਉਹ ਨਹੀਂ ਜਾਣਦਾ ਕਿ ਇਹ ਸੰਸਾਰ ਨਾਸ਼ਵਾਨ ਤੇ ਝੂਠਾ ਹੈ ਅਤੇ ਇਸ ਦੀ ਇਥੇ ਇਕੱਤਰ ਕੀਤੀ ਮਾਇਆ ਅਤੇ ਸਭ ਸੰਬੰਧੀ ਅੰਤ ਨਾਲ ਨਹੀਂ ਜਾਣੇ।

ਇਸ ਲਈ ਹੇ ਮੇਰੇ ਮਨ ! ਤੂੰ ਸੱਚੀ ਵਿਚਾਰ ਦਾ ਪੱਲਾ ਪਕੜ ਰਾਮ ਦੇ ਨਾਮ ਬਿਨਾਂ ਇਹ ਸਾਰਾ ਸੰਸਾਰ ਮਿਥਿਆ, ਝੂਠ ਅਤੇ ਨਾਸਵਾਨ ਹੈ।

**ਮਨ ਰੇ ਸਾਚਾ ਗਹੋ ਬਿਚਾਰਾ ॥**
**ਰਾਮ ਨਾਮ ਬਿਨੁ ਮਿਥਿਆ ਮਾਨੋ ਸਗਰੋ ਇਹੁ ਸੰਸਾਰਾ ॥੧॥** (ਅੰਗ-੭੦੩)

੮. ਗੁਰੂ ਤੇਗ ਬਹਾਦਰ ਸਾਹਿਬ ਇਸ ਸੰਸਾਰ ਦੀ ਤੁਲਨਾ ਧੂੰਏ ਦੇ ਪਹਾੜ ਨਾਲ ਕਰਦੇ ਹੋਏ ਆਖਦੇ ਹਨ :

**ਇਹੁ ਜਗੁ ਧੂਏ ਕਾ ਪਹਾਰ ॥ ਤੈ ਸਾਚਾ ਮਾਨਿਆ ਕਿਹ ਬਿਚਾਰਿ ॥੧॥ ਧਨੁ ਦਾਰਾ ਸੰਪਤਿ ਗ੍ਰੇਹ ॥ ਕਛੁ ਸੰਗਿ ਨ ਚਾਲੈ ਸਮਝ ਲੇਹ ॥੨॥ ਇਕ ਭਗਤਿ ਨਾਰਾਇਨ ਹੋਇ ਸੰਗਿ ॥ ਕਹੁ ਨਾਨਕ ਭਜੁ ਤਿਹ ਏਕ ਰੰਗਿ ॥੩॥** (ਅੰਗ-੧੧੮੭)

ਇਹ ਸੰਸਾਰ ਧੂੰਏਂ ਦੇ ਪਹਾੜ ਸਮਾਨ ਹੈ, ਜਿਵੇਂ ਧੂੰਏਂ ਦੇ ਪਹਾੜ ਦੀ ਹੋਂਦ ਸਦੀਵੀ ਨਹੀਂ ਤਿਵੇਂ ਹੀ ਇਸ ਸੰਸਾਰ ਵੀ ਸਦਾ ਨਹੀਂ ਰਹਿਣ ਵਾਲਾ ਨਹੀਂ ਹੈ ਇਸ ਲਈ ਹੇ ਜੀਵ !

ਤੂੰ ਇਸ ਨੂੰ ਕਿਸ ਵੀਚਾਰ ਨਾਲ ਸੱਚਾ ਅਥਵਾ ਸਦਾ ਰਹਿਣ ਵਾਲਾ ਮੰਨ ਲਿਆ ਹੈ। ਤੇਰਾ ਧਨ, ਇਸਤ੍ਰੀ, ਸੰਪਤੀ, ਘਰ ਇਹ ਸਭ ਕੁਝ ਸਮਝ ਲੈ ਕਿ ਤੇਰੇ ਨਾਲ ਨਹੀਂ ਜਾਣਾ।

ਕੇਵਲ ਇੱਕ ਨਾਰਾਇਨ ਦੀ ਭਗਤੀ ਕੀਤੀ ਹੋਈ ਤੇਰੇ ਨਾਲ ਜਾਵੇਗੀ। ਇਸ ਲਈ ਨਾਨਕ ਆਖਦੇ ਹਨ ਕਿ ਤੂੰ ਇੱਕ ਦੇ ਪ੍ਰੇਮ ਵਿੱਚ ਜੁੜ ਕੇ ਉਸ ਦਾ ਭਜਨ ਕਰ।

੯. ਗੁਰੂ ਜੀ ਇਸ ਸੰਸਾਰ ਨੂੰ ਸੁਪਨੇ ਦੇ ਸਮਾਨ ਵੀ ਤੁਲਨਾ ਦਿੰਦੇ ਹਨ ਆਪ ਦਾ ਫੁਰਮਾਨ ਹੈ :

**ਦੀਨ ਦਇਆਲ ਸਦਾ ਦੁਖ ਭੰਜਨ ਤਾ ਸਿਉ ਰੁਚਿ ਨ ਬਢਾਈ ॥**
**ਨਾਨਕ ਕਹਤ ਜਗਤ ਸਭ ਮਿਥਿਆ ਜਿਉ ਸੁਪਨਾ ਰੈਨਾਈ ॥੨॥** (ਅੰਗ-੧੨੩੧)

ਹੇ ਜੀਵ ! ਤੂੰ ਦੁੱਖਾਂ ਦੇ ਨਾਸ ਕਰਨ ਵਾਲੇ, ਦੀਨਾਂ ਤੇ ਦਇਆ ਕਰਨ ਵਾਲੇ ਪ੍ਰਭੂ ਦਾ ਭਜਨ ਕਰਨ ਵੱਲ ਆਪਣੀ ਰੁਚੀ ਨਹੀਂ ਵਧਾਈ। ਤੂੰ ਨਹੀ ਜਾਣਦਾ ਕਿ ਇਹ ਸੰਸਾਰ ਸਾਰਾ ਮਿਥਿਆ, ਝੂਠ ਅਤੇ ਵਿਨਾਸ਼ ਹੋਣ ਵਾਲਾ ਹੈ ਜਿਵੇਂ ਰਾਤ ਦਾ ਸੁਪਨਾ ਰਾਤ ਦੇ ਨਾਲ ਹੀ ਖਤਮ ਹੋ ਜਾਂਦਾ ਹੈ :

**ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥**
**ਇਨ ਮੈ ਕਛੁ ਸਾਚੋ ਨਹੀ ਨਾਨਕ ਬਿਨੁ ਭਗਵਾਨ ॥੨੩॥** (ਅੰਗ-੧੪੨੮)

**ਝੂਠੈ ਮਾਨੁ ਕਹਾ ਕਰੈ ਜਗੁ ਸੁਪਨੇ ਜਿਉ ਜਾਨੁ ॥**
**ਇਨ ਮੈ ਕਛੁ ਤੇਰੋ ਨਹੀ ਨਾਨਕ ਕਹਿਓ ਬਖਾਨਿ ॥੪੧॥** (ਅੰਗ-੧੪੨੯)

ਜਿਵੇਂ ਸੁਪਨੇ ਵਿੱਚ ਦਿਖਾਈ ਦੇਂਦਾ ਸਭ ਕੁਝ ਸੱਚ ਨਹੀਂ ਹੁੰਦਾ ਇਸ ਤਰ੍ਹਾਂ ਹੇ ਜੀਵ ! ਤੂੰ ਸੰਸਾਰ ਵਿੱਚਲੇ ਪਦਾਰਥਕ ਦ੍ਰਿਸ਼ਾਂ ਨੂੰ ਜਾਣ ਕਿ ਉਹ ਸੱਚੇ ਅਥਵਾ ਸਦੀਵੀ ਹੋਂਦ ਵਾਲੇ ਨਹੀਂ ਹਨ। ਇਨ੍ਹਾਂ ਵਿਚੋਂ ਕੋਈ ਸੱਚਾ ਨਹੀਂ ਸਿਵਾਏ ਇੱਕ ਪਰਮੇਸ਼ਰ ਦੇ ਜਿਸ ਨੇ ਇਹ ਸਾਰੀ ਰਚਨਾ ਰਚੀ ਹੈ।

ਤੇਰਾ ਇਨ੍ਹਾਂ ਬਾਰੇ ਮਾਨ ਵੀ ਝੂਠਾ ਹੈ, ਤੂੰ ਇਨ੍ਹਾਂ ਉਪਰ ਕਾਹਦਾ ਮਾਨ ਕਰਦਾ ਹੈ, ਇਹ ਸੰਸਾਰ ਨੂੰ ਸੁਪਨੇ ਦੇ ਸਮਾਨ ਸਮਝ ਲੈ ਕਿ ਨਾਨਕ ਆਖਦੇ ਹਨ ਕਿ ਇਨ੍ਹਾਂ ਵਿੱਚ ਤੇਰਾ ਕੁਝ ਵੀ ਨਹੀਂ ਹੈ ਅਰਥਾਤ ਇਨ੍ਹਾਂ ਵਿਚੋਂ ਕੁੱਝ ਵੀ ਤੇਰੇ ਨਾਲ ਜਾਣ ਵਾਲਾ ਨਹੀਂ ਹੈ।

੧੦. ਜੀਵ ਇਹ ਜਾਣ ਕੇ ਕਿ ਤਨ, ਧਨ ਸੰਪਤੀ, ਗ੍ਰਹਿ, ਪਰਿਵਾਰਿਕ ਸੰਬੰਧੀ ਸਭ ਕੁਝ ਸਮੇਤ ਇਸ ਸੰਸਾਰ ਦੇ ਸਭ ਬਿਨਸਨਹਾਰ ਹੈ, ਜੀਵ ਦੇ ਅੰਦਰ ਫਿਰ ਵੈਰਾਗ ਤੇ ਤਿਆਗ ਦੀ ਭਾਵਨਾ ਉਪਜਦੀ ਹੈ ਤੇ ਉਹ ਜੀਵਨ ਦੇ ਸੱਚੇ ਮਾਰਗ ਦੀ ਤਲਾਸ਼ ਵੱਲ ਲੱਗਦਾ ਹੈ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਫਿਰ ਇਸ ਅਵਸਥਾ ਵਾਲੇ ਜੀਵ ਦੀ

ਅਗਵਾਈ ਕਰਦੇ ਹੋਏ ਉਪਦੇਸ਼ ਦਿੰਦੇ ਹਨ :

**ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ ॥**
**ਕਹੁ ਨਾਨਕ ਸੁਨਿ ਰੇ ਮਨਾ ਤਿਹ ਸਿਮਰਤ ਗਤਿ ਹੋਇ ॥੯॥** (ਅੰਗ-੧੪੨੭)

**ਚੇਤਨਾ ਹੈ ਤਉ ਚੇਤ ਲੈ ਨਿਸਿ ਦਿਨਿ ਮੈ ਪ੍ਰਾਨੀ ॥ ਛਿਨੁ ਛਿਨੁ ਅਉਧ ਬਿਹਾਤੁ ਹੈ ਫੂਟੈ ਘਟ ਜਿਉ ਪਾਨੀ ॥੧॥ ਰਹਾਉ ॥ ਹਰਿ ਗੁਨ ਕਾਹਿ ਨ ਗਾਵਹੀ ਮੂਰਖ ਅਗਿਆਨਾ ॥ ਝੂਠੈ ਲਾਲਚਿ ਲਾਗਿ ਕੈ ਨਹਿ ਮਰਨੁ ਪਛਾਨਾ ॥੧॥ ਅਜਹੂ ਕਛੁ ਬਿਗਰਿਓ ਨਹੀ ਜੋ ਪ੍ਰਭ ਗੁਨ ਗਾਵੈ ॥ ਕਹੁ ਨਾਨਕ ਤਿਹ ਭਜਨ ਤੇ ਨਿਰਭੈ ਪਦੁ ਪਾਵੈ ॥੨॥੧॥** (ਅੰਗ-੭੨੬)

ਇਸ ਸ਼ਬਦ ਰਾਹੀਂ ਗੁਰੂ ਤੇਗ ਬਹਾਦਰ ਸਾਹਿਬ ਜੀ ਸਾਨੂੰ ਸਿੱਖਿਆ ਦੇ ਰਹੇ ਹਨ ਕਿ ਹੇ ਮਨੁੱਖ ! ਜੇ ਤੂੰ ਪਰਮਾਤਮਾ ਦਾ ਨਾਮ ਸਿਮਰਨਾ ਹੈ ਤਾਂ ਦਿਨ ਰਾਤ ਇੱਕ ਕਰਕੇ ਸਿਮਰਨਾ ਸ਼ੁਰੂ ਕਰ ਦੇ, ਕਿਉਂਕਿ ਜਿਵੇਂ ਤਿੜਕੇ ਹੋਏ ਘੜੇ ਵਿਚੋਂ ਪਾਣੀ ਹੌਲੀ ਹੌਲੀ ਸਿਮਦਾ ਰਹਿੰਦਾ ਹੈ ਤਿਵੇਂ ਹੀ ਇੱਕ ਇੱਕ ਛਿਨ ਕਰ ਕੇ ਉਮਰ ਬੀਤਦੀ ਜਾ ਰਹੀ ਹੈ।

ਹੇ ਮੂਰਖ ! ਹੇ ਬੇ ਸਮਝ ! ਤੂੰ ਪਰਮਾਤਮਾ ਦੀ ਸਿਫਤ ਸਾਲਾਹ ਦੇ ਗੀਤ ਕਿਉਂ ਨਹੀਂ ਗਾਂਦਾ ? ਮਾਇਆ ਦੇ ਝੂਠੇ ਲਾਲਚ ਵਿੱਚ ਫਸ ਕੇ ਤੂੰ ਮੌਤ ਨੂੰ ਵੀ ਚੇਤੇ ਨਹੀਂ ਕਰਦਾ।

ਪਰ ਹੇ ਨਾਨਕ ! ਆਖ-ਜੇ ਮਨੁੱਖ ਪਰਮਾਤਮਾ ਦੇ ਗੁਣ ਗਾਣੇ ਸ਼ੁਰੂ ਕਰ ਦੇਵੇ (ਭਾਵੇ ਸਿਮਰਨ ਹੀਨਤਾ ਵਿੱਚ ਕਿਤਨੀ ਵੀ ਉਮਰ ਗੁਜ਼ਰ ਚੁੱਕੀ ਹੋਵੇ) ਫਿਰ ਵੀ ਕੋਈ ਨੁਕਸਾਨ ਨਹੀਂ ਹੁੰਦਾ, ਕਿਉਂਕਿ ਉਸ ਪਰਮਾਤਮਾ ਦੇ ਭਜਨ ਦੀ ਬਰਕਤ ਨਾਲ ਮਨੁੱਖ ਉਹ ਆਤਮਿਕ ਦਰਜਾ ਪ੍ਰਾਪਤ ਕਰ ਲੈਂਦਾ ਹੈ ਜਿਥੇ ਕੋਈ ਡਰ ਪੋਹ ਨਹੀਂ ਸਕਦਾ।

**ਰਾਮ ਨਾਮੁ ਉਰ ਮੈ ਗਹਿਓ ਜਾ ਕੈ ਸਮ ਨਹੀ ਕੋਇ ॥**
**ਜਿਹ ਸਿਮਰਤ ਸੰਕਟ ਮਿਟੈ ਦਰਸੁ ਤੁਹਾਰੋ ਹੋਇ ॥** (ਅੰਗ-੧੪੩੦)

ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦੇ ਹੋਏ ਜਤਨ ਕਰੀਏ ਕਿ ਗੁਰੂ ਜੀ ਦਾ ਬਾਣੀ 'ਚ ਦੱਸਿਆ ਜੀਵਨ ਮਾਰਗ ਅਪਣਾ ਕੇ ਜੀਵਨ ਸਫਲ ਕਰ ਸਕੀਏ।

-o-o-o-

# ਪ੍ਰਭੂ-ਪ੍ਰੇਮ ਦੀ ਤਾਂਘ

-ਭਾਈ ਸਾਹਿਬ ਭਾਈ ਸਰਦਾਰਾ ਸਿੰਘ ਜੀ

**ਗੋਂਡ ॥ ਮੋਹਿ ਲਾਗਤੀ ਤਾਲਾਬੇਲੀ ॥ ਬਛਰੇ ਬਿਨੁ ਗਾਇ ਅਕੇਲੀ ॥੧॥ ਪਾਨੀਆ ਬਿਨੁ ਮੀਨੁ ਤਲਫੈ ॥ ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੧॥ ਰਹਾਉ ॥ ਜੈਸੇ ਗਾਇ ਕਾ ਬਾਛਾ ਛੂਟਲਾ ॥ ਥਨ ਚੋਖਤਾ ਮਾਖਨੁ ਘੂਟਲਾ ॥੨॥ ਨਾਮਦੇਉ ਨਾਰਾਇਨੁ ਪਾਇਆ ॥ ਗੁਰੁ ਭੇਟਤ ਅਲਖੁ ਲਖਾਇਆ ॥੩॥ ਜੈਸੇ ਬਿਖੈ ਹੇਤ ਪਰ ਨਾਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥੪॥ ਜੈਸੇ ਤਾਪਤੇ ਨਿਰਮਲ ਘਾਮਾ ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥੫॥** (ਅੰਗ-੮੭੪)

ਭਗਤ ਨਾਮ ਦੇਵ ਜੀ ਦੇ ਉਪ੍ਰੋਕਤ ਸ਼ਬਦ ਵਿੱਚ ਪ੍ਰਭੂ ਦਾ ਪ੍ਰੇਮ ਡੁਲ੍ਹ ਡੁਲ੍ਹ ਪੈਂਦਾ ਦਿਖਾਈ ਦੇ ਰਿਹਾ ਹੈ। ਭਗਤ ਜੀ ਨੇ ਕਈ ਦੁਨਿਆਵੀ ਉਦਾਹਰਣਾ ਦੇ ਕੇ ਆਪਣੇ ਪ੍ਰਭੂ ਪ੍ਰੇਮ ਦੀ ਤੁਲਨਾ ਦਿੱਸਦੇ ਸੰਸਾਰ ਅੰਦਰ ਮਿਲ ਰਹੀਆਂ ਪ੍ਰਭੂ ਪ੍ਰੇਮ ਦੀਆਂ ਮਿਸਾਲਾਂ ਲੈ ਕੇ ਆਪਣੇ ਅੰਦਰ ਦੀ ਤੜਪ ਨੂੰ ਬਾਣੀ ਰੂਪ ਵਿੱਚ ਪ੍ਰਗਟ ਕੀਤਾ ਹੈ :-

**ਮੋਹਿ ਲਾਗਤੀ ਤਾਲਾਬੇਲੀ ॥ ਬਛਰੇ ਬਿਨੁ ਗਾਇ ਅਕੇਲੀ ॥** (ਅੰਗ-੮੭੪)

ਭਗਤ ਜੀ ਫਰਮਾਉਂਦੇ ਹਨ ਕਿ ਮੈਨੂੰ ਪ੍ਰਭੂ ਦੇ ਪ੍ਰੇਮ ਦੀ ਐਸੀ ਤੜਫਨ (ਤਾਲਾ ਬੇਲੀ) ਲੱਗੀ ਹੈ ਜਿਵੇਂ ਬਛਰੇ ਤੋਂ ਬਿਨਾਂ ਗਊ ਦੂਰ, ਅਕੇਲੀ ਹੋ ਕੇ ਤੜਫਦੀ ਹੈ। ਉਸ ਦਾ ਬਛਰਾ (ਬਛੜਾ) ਘਰ ਬੱਧਿਆ ਹੁੰਦਾ ਹੈ ਪਰ ਜਦੋਂ ਗਊ ਬਾਹਰ ਚਾਰਨ ਵਾਸਤੇ ਲੈ ਜਾਈ ਜਾਂਦੀ ਹੈ, ਉਹ ਬਛੜੇ ਤੋਂ ਦੂਰ ਹੁੰਦੀ ਹੈ ਉਸਦਾ ਮਨ ਆਪਣੇ ਬੱਚੇ ਵਿੱਚ ਹੀ ਹੁੰਦਾ ਹੈ।

**ਪਾਂਚ ਕੋਸ ਪਰ ਗਊ ਚਰਾਵਤ ਚੀਤੁ ਸੁ ਬਛਰਾ ਰਾਖੀਅਲੇ ॥** (ਅੰਗ-੯੭੨)

ਘਰੋਂ ਭਾਵੇਂ ਉਹ ਚਾਰ ਪੰਜ ਕੋਹ ਤੇ ਚਰਦੀ ਹੁੰਦੀ ਹੈ। ਪਰ ਅੰਤਰ-ਆਤਮੇ ਉਹ ਅਪਣੇ ਬੱਚੇ ਦਾ ਸਿਮਰਨ ਕਰ ਰਹੀ ਹੁੰਦੀ ਹੈ। ਉਸਦੀ ਮਜਬੂਰੀ ਹੁੰਦੀ ਹੈ ਕਿ ਪੇਟ ਭਰਨ ਲਈ ਉਸ ਨੂੰ ਘਰ ਤੋਂ ਬਾਹਰ ਦੂਰ ਜਾਣਾ ਪੈਂਦਾ ਹੈ ਪਰ ਮਨ ਉਸ ਦਾ ਅਪਣੇ ਬੱਚੇ ਵਿੱਚ ਹੀ ਹੁੰਦਾ ਹੈ ਜਿਵੇਂ ਗੁਰੂ-ਗੁਰਬਾਣੀ ਵਿਚੋਂ ਇੱਕ ਹੋਰ ਉਚਾਹਰਣ ਸਾਨੂੰ ਕੂੰਜਾਂ ਦੀ ਮਿਲਦੀ ਹੈ :

**ਊਡੇ ਊਡਿ ਆਵੈ ਸੈ ਕੋਸਾ ਤਿਸੁ ਪਾਛੈ ਬਚਰੇ ਛਰਿਆ ॥**
**ਤਿਨ ਕਵਣੁ ਖਲਾਵੈ ਕਵਣੁ ਚੁਗਾਵੈ ਮਨ ਮਹਿ ਸਿਮਰਨੁ ਕਰਿਆ ॥** (ਅੰਗ-੧੦)

ਸੈਂਕੜੇ ਕੋਹਾਂ ਤੋਂ ਉਡਕੇ ਕੂਜਾਂ ਦੂਜੇ ਦੇਸ਼ਾਂ ਵਿੱਚ ਆਉਂਦੀਆਂ ਹਨ, ਪਰ ਉਹ ਅਪਣੇ ਮਨ ਵਿੱਚ ਬੱਚਿਆਂ ਲਈ ਐਸੀ ਤੜਪ-ਪਿਆਰ ਰੱਖਦੀਆਂ ਹਨ ਕਿ ਉਨ੍ਹਾਂ ਦੀ ਪਾਲਣਾਂ ਪੋਸ਼ਨਾ ਸਿਮਰਨ ਦੁਆਰਾ ਹੀ ਕਰਦੀਆਂ ਰਹਿੰਦੀਆਂ ਹਨ ।

**ਪਾਨੀਆ ਬਿਨੁ ਮੀਨੁ ਤਲਫੈ ॥ ਐਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥** (ਅੰਗ-੮੭੪)

ਦੂਜੀ ਉਦਾਹਰਣ ਭਗਤ ਜੀ ਮੱਛੀ ਦੀ ਲੈਂਦੇ ਹਨ। ਮੱਛੀ ਦੀ ਉਦਾਹਰਣ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਬੇਅੰਤ ਵਾਰੀ ਆਈ ਹੈ। ਭਗਤ ਜੀ ਦੀ ਮਾਨਸਿਕ ਅਵਸਥਾ ਬਿਨਾਂ ਰਾਮ ਦੇ ਨਾਮ ਤੋਂ ਐਸੀ ਹੋ ਜਾਂਦੀ ਹੈ ਕਿ ਉਹ ਅਪਣੇ ਆਪ ਨੂੰ ਬੇਚਾਰਾ (ਬਪੁਰਾ) ਕਹਿ ਕੇ ਪੁਕਾਰਦੇ ਹਨ, ਬੇਚਾਰਾ, ਬੇਸਹਾਰਾ ਕਹਿ ਕੇ ਧੀਰਜ ਦਿੰਦੇ ਹਨ ਕਿ ਮੈਂ ਵਿਚਾਰਾ, ਨਾਮ ਦੇਵ, ਜਿਵੇਂ ਪਾਣੀ ਤੋਂ ਬਗੈਰ ਮੱਛੀ ਤੜਫਦੀ (ਤਲਫੈ) ਹੈ, ਉਸ ਤਰ੍ਹਾਂ ਤੜਫ ਰਿਹਾ ਹਾਂ। ਪਾਣੀ ਪ੍ਰਤੀ ਮੱਛੀ ਦੀ ਤੜਫਨ ਉੱਚ ਪਾਏ ਦੀ ਉਪਮਾ ਹੈ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਲੋਕ ਮਹਲਾ ੯ ਵਿੱਚੋਂ ਪਹਿਲਾ ਸਲੋਕ ਹੀ ਇਸ ਤਰ੍ਹਾਂ ਹੈ :-

**ਗੁਨ ਗੋਬਿੰਦ ਗਾਇਓ ਨਹੀ ਜਨਮੁ ਅਕਾਰਥ ਕੀਨੁ ॥**
**ਕਹੁ ਨਾਨਕ ਹਰਿ ਭਜੁ ਮਨਾ ਜਿਹ ਬਿਧਿ ਜਲ ਕਉ ਮੀਨੁ ॥** (ਅੰਗ-੧੪੨੬)

ਮਹਾਰਾਜ ਜੀ ਉਪਦੇਸ਼ ਦਿੰਦੇ ਹਨ ਕਿ ਪ੍ਰਭੂ ਪ੍ਰੇਮ ਲਈ ਆਪਣੇ ਅੰਦਰ ਮੱਛੀ ਵਾਲੀ ਤਰਲੋਮੱਛੀ ਪੈਦਾ ਕਰੋ। ਗੋਬਿੰਦ ਦੇ ਗੁਣ ਇਸ ਤਰ੍ਹਾਂ ਗਾਓ ਕਿ ਜਿਵੇਂ ਪਾਣੀ ਤੋਂ ਬਿਨਾਂ ਮੱਛੀ ਤੜਫਦੀ ਹੈ, ਉਸੇ ਤਰ੍ਹਾਂ ਤੁਸੀਂ ਗੋਬਿੰਦ ਦੇ ਨਾਮ ਤੋਂ ਬਿਨਾਂ ਬਿਹਬਲ ਹੋਵੋ, ਚੈਨ ਖੋ ਬੈਠੋ। ਮੱਛੀ ਪਾਣੀ ਤੋਂ ਬਾਹਿਰ ਨਿਕਲ ਕੇ ਮਿੰਟਾਂ-ਸੈਕਿੰਡਾਂ ਵਿੱਚ ਹੀ ਅਪਣੀ ਜਾਨ ਤੋਂ ਹੱਥ ਧੋ ਲੈਂਦੀ ਹੈ। ਇੱਥੇ ਹੀ ਬੱਸ ਨਹੀਂ ਜਦੋਂ ਇਸ ਨੂੰ ਕੱਟ ਵੱਢ ਕਰਕੇ ਇਨਸਾਨ ਭੋਜਨ ਤਿਆਰ ਕਰਦਾ ਹੈ ਅਤੇ ਭੋਜਨ ਖਾਂਦਾ ਹੈ ਇਹ ਇਨਸਾਨ ਦੇ ਪੇਟ ਵਿੱਚ ਜਾ ਕੇ ਵੀ ਹਾਇ ਪਾਣੀ, ਹਾਇ ਪਾਣੀ ਪੁਕਾਰਦੀ ਹੈ, ਪਾਣੀ ਮੰਗਦੀ ਹੈ, ਇਸ ਤਰ੍ਹਾਂ ਮੱਛੀ ਦਾ ਭੋਜਨ ਕੀਤਾ ਹੋਇਆ ਇਨਸਾਨ ਬਾਰਾ ਬਾਰ ਪਾਣੀ ਮੰਗਦਾ ਤੇ ਪੀਂਦਾ ਹੈ :-

**ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ॥**
**ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥੨॥** (ਅੰਗ-੬੫੮)

ਸੋ ਪ੍ਰਭੂ ਦੇ ਨਾਮ ਦੀ ਤਾਂਘ, ਪ੍ਰਭੂ ਦੇ ਦਰਸ਼ਨ ਦੀ ਤਾਂਘ, ਨਾਮ ਦੇਵ ਜੀ ਨੂੰ ਪਾਣੀ ਤੋਂ ਬਿਨਾਂ ਮੱਛੀ ਵਾਂਗੂ ਤੜਫਾਉਂਦੀ ਹੈ। ਅਗਲੀ ਤੁਕ ਵਿੱਚ ਹੁਣ ਨਾਮ ਦੇਵ ਜੀ ਪ੍ਰਭੂ ਦੇ ਮਿਲਾਪ ਦੀ ਗੱਲ ਕਰਦੇ ਹਨ :-

**ਜੈਸੇ ਗਾਇ ਕਾ ਬਾਛਾ ਛੂਟਲਾ ॥ ਥਨ ਚੋਖਤਾ ਮਾਖਨੁ ਘੂਟਲਾ ॥੨॥**
**ਨਾਮਦੇਉ ਨਾਰਾਇਨੁ ਪਾਇਆ॥ ਗੁਰੁ ਭੇਟਤ ਅਲਖੁ ਲਖਾਇਆ ॥੩॥**(ਅੰਗ-੮੭੪)

ਭਗਤ ਜੀ ਆਖਦੇ ਹਨ ਕਿ ਸਤਿਗੁਰੂ ਜੀ ਦੀ ਸ਼ਰਨ ਵਿੱਚ ਆ ਕੇ ਮੈਂ ਅਲਖ ਪ੍ਰਭੂ ਨੂੰ ਲਖ ਲਿਆ ਹੈ ਭਾਵ ਪ੍ਰਭੂ ਦਾ ਭੇਦ ਪਾ ਲਿਆ ਹੈ। ਨਾਰਾਇਣ ਜੀ ਮੈਨੂੰ ਮਿਲ ਗਏ ਹਨ। ਜਿਵੇਂ ਕਿੱਲੇ ਤੋਂ ਛੁੱਟ ਕੇ ਬਛੜਾ ਅਪਣੀ ਮਾਂ ਗਊ ਕੋਲ ਨੂੰ ਦੌੜਦਾ ਹੈ ਅਤੇ ਸਿੱਧਾ ਦੁੱਧ ਦੇ

ਥਣਾ ਨੂੰ ਜਾ ਕੇ ਮੂੰਹ ਮਾਰਦਾ ਹੈ, ਦੁੱਧ ਚੁੰਘਦਾ ਹੈ। ਹੌਲੀ ਹੌਲੀ ਸਹਿਜ ਦੇ ਨਾਲ ਰਸ ਲੈ ਲੈ ਕੇ ਦੁੱਧ ਪੀਂਦਾ ਹੈ, ਅਨੰਦ ਮਾਣਦਾ ਹੈ ਇਸੇ ਤਰ੍ਹਾਂ ਨਾਮ ਦੇਵ ਨੂੰ ਨਾਰਾਇਣ ਦੀ ਛੋਹ ਦਾ ਅਨੰਦ ਪ੍ਰਾਪਤ ਹੋ ਗਿਆ ਹੈ। ਅਗਲੀਆਂ ਤੁਕਾਂ ਵਿੱਚ ਨਾਮਦੇਵ ਜੀ ਹੋਰ ਉਦਾਹਰਣ ਦਿੰਦੇ ਹਨ ਕਿ:-

**ਜੈਸੇ ਬਿਖੈ ਹੇਤ ਪਰ ਨਾਰੀ ॥ ਐਸੇ ਨਾਮੇ ਪ੍ਰੀਤਿ ਮੁਰਾਰੀ ॥** (ਅੰਗ-੮੭੪)

ਵਿਸ਼ੇ ਰਸ ਵਿੱਚ ਫਸਿਆ ਹੋਇਆ ਬੰਦਾ ਜਿਸ ਤਰ੍ਹਾਂ ਪਰ ਇਸਤਰੀ ਦੇ ਨਾਲ ਪ੍ਰੇਮ ਕਰਦਾ ਹੈ, ਹਰ ਸਮੇਂ ਉਸ ਦੇ ਧਿਆਨ ਵਿੱਚ ਰਹਿੰਦਾ ਹੈ, ਇਸੇ ਤਰ੍ਹਾਂ ਦੀ ਪ੍ਰੀਤ ਨਾਮੇ ਨੂੰ ਪ੍ਰਭੂ ਨਾਲ ਹੈ। ਅੱਗੇ ਨਾਰਾਇਣ ਦੀ ਪ੍ਰੀਤ ਤੋਂ ਸੱਖਣੇ ਬੰਦਿਆ ਦੀ ਗੱਲ ਵੀ ਕਰਦੇ ਹਨ :-

**ਜੈਸੇ ਤਾਪਤੇ ਨਿਰਮਲ ਘਾਮਾ ॥ ਤੈਸੇ ਰਾਮ ਨਾਮਾ ਬਿਨੁ ਬਾਪੁਰੋ ਨਾਮਾ ॥**(ਅੰਗ-੮੭੪)

ਜਿਵੇਂ ਧੁੱਪ ਵਿੱਚ, ਮਨੁੱਖ ਤਪਦੇ ਹਨ। ਗਰਮੀ ਨਾਲ ਸੜਦੇ ਹਨ, ਤ੍ਰਾਹ ਤ੍ਰਾਹ ਕਰਦੇ ਹਨ ਤਿਵੇਂ ਹੀ ਜੇ ਨਾਮੇ ਵਿਚਾਰੇ ਕੋਲ ਪ੍ਰਭੂ ਦੇ ਨਾਮ ਦਾ ਸੰਗ ਨਹੀਂ ਹੈ ਤਾਂ ਵਿਚਾਰਾ ਨਾਮਾ ਗਰਮੀ ਰੁੱਤ ਦੀ ਤਪੱਸ ਵਾਂਗੂ ਸੜਦਾ ਹੈ।

ਪ੍ਰਭੂ ਦੀ ਪ੍ਰੀਤ ਨੂੰ ਦ੍ਰਿੜ੍ਹ ਕਰਨ ਲਈ ਅਤੇ ਆਪਣੇ ਪ੍ਰੀਤਮ ਪ੍ਰਭੂ ਨੂੰ ਮਿਲਣ ਲਈ ਜੋ ਸ਼ੁਭ ਕਰਮ ਕਰਨ ਦੀ ਲੋੜ ਹੈ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਹੇਠ ਲਿਖੇ ਬਿਲਾਵਲ ਰਾਗ ਦੇ ਸ਼ਬਦ ਤੋਂ ਪ੍ਰਗਟ ਹੈ :-

**ਬਿਲਾਵਲੁ ਮਹਲਾ ੫ ॥ ਸ੍ਰਵਨੀ ਸੁਨਉ ਹਰਿ ਹਰਿ ਹਰੇ ਠਾਕੁਰ ਜਸੁ ਗਾਵਉ ॥ ਸੰਤ ਚਰਣ ਕਰ ਸੀਸੁ ਧਰਿ ਹਰਿ ਨਾਮੁ ਧਿਆਵਉ ॥੧॥ ਕਰਿ ਕਿਰਪਾ ਦਇਆਲ ਪ੍ਰਭ ਇਹ ਨਿਧਿ ਸਿਧਿ ਪਾਵਉ ॥ ਸੰਤ ਜਨਾ ਕੀ ਰੇਣੁਕਾ ਲੈ ਮਾਥੈ ਲਾਵਉ ॥੧॥ ਰਹਾਉ ॥ ਨੀਚ ਤੇ ਨੀਚੁ ਅਤਿ ਨੀਚੁ ਹੋਇ ਕਰਿ ਬਿਨਉ ਬੁਲਾਵਉ ॥ ਪਾਵ ਮਲੋਵਾ ਆਪੁ ਤਿਆਗਿ ਸੰਤਸੰਗਿ ਸਮਾਵਉ ॥੨॥ ਸਾਸਿ ਸਾਸਿ ਨਹ ਵੀਸਰੈ ਅਨ ਕਤਹਿ ਨ ਧਾਵਉ ॥ ਸਫਲ ਦਰਸਨ ਗੁਰੁ ਭੇਟੀਐ ਮਾਨੁ ਮੋਹੁ ਮਿਟਾਵਉ ॥੩॥ ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ ॥ ਸਫਲ ਸੁਹਾਗਣਿ ਨਾਨਕਾ ਅਪੁਨੇ ਪ੍ਰਭ ਭਾਵਉ ॥** (ਅੰਗ-੮੧੨)

ਵਾਹਿਗੁਰੂ ਜੀ ਦੇ ਨਾਮ ਨਾਲ ਪ੍ਰੇਮ ਪਾਉਣ ਲਈ ਉਸਦੇ ਨਾਮ ਨੂੰ ਸੁਨੀਏ, ਗਾਈਏ ਅਤੇ ਮੰਨੀਏ। ਸਤਿਸੰਗ ਵਿੱਚ ਬੈਠ ਕੇ ਜਾਂ ਇੱਕਲੇ ਹੀ ਗੁਰਬਾਣੀ ਦੇ ਸ਼ਬਦਾਂ ਦਾ ਕੀਰਤਨ ਸੁਨਣ, ਕਰਨ ਨਾਲ ਅਤੇ ਸਾਧ ਸੰਗਤਿ ਦੇ ਚਰਨਾਂ ਦੀ ਧੂੜ ਭਾਵ ਸਾਧ ਸੰਗਤਿ ਦੀ ਸੇਵਾ ਤਨ ਅਤੇ ਮਨ ਨਾਲ ਕਰਨ ਨਾਲ ਨੌਂ ਨਿਧੀਆਂ (ਦੁਨੀਆਵੀ ਵਸਤਾਂ ਦੇ ਖਜ਼ਾਨੇ) ਅਤੇ ਅਠਾਰਾਂ ਸਿੱਧੀਆਂ (ਆਤਮਿਕ ਸ਼ਕਤੀਆਂ) ਪ੍ਰਾਪਤ ਹੋ ਜਾਂਦੀਆਂ ਹਨ।

ਅਪਣੇ ਸੁਭਾਅ ਵਿੱਚ ਨਿਮ੍ਰਤਾ ਲਾਉਣ ਦੀ ਵੀ ਸਖਤ ਲੋੜ ਹੈ। ਜਾਤ-ਪਾਤ, ਵਰਨ-ਆਸ਼੍ਰਮ, ਉਚ-ਨੀਚ, ਸਰਧਨ-ਨਿਰਧਨ ਦਾ ਭੇਦ ਭਾਵ ਛੱਡ ਕੇ ਨਿਮ੍ਰਤਾ ਵਿੱਚ ਰਹਿਣਾ ਅਪਣੇ ਆਪ ਨੂੰ ਸਭ ਦਾ ਦਾਸ ਸਮਝਣਾ ਅਤੇ ਸਭ ਦੇ ਅੰਦਰ ਖਾਲਕ ਨੂੰ ਵੇਖਣ ਵਾਲੀ ਦ੍ਰਿਸ਼ਟੀ ਬਨਾਉਂਣ ਦੀ ਲੋੜ ਹੈ :-

**ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ ॥**
**ਮੰਦਾ ਕਿਸ ਨੋ ਆਖੀਐ ਜਾਂ ਤਿਸੁ ਬਿਨੁ ਕੋਈ ਨਾਹਿ ॥** (ਅੰਗ-੧੩੮੧)

ਸਤ ਸੰਗੀਆਂ ਦੇ ਚਰਨਾਂ ਦੀ ਧੂੜ ਬਣੇ ਰਹੀਏ, ਸਭ ਵਿੱਚ ਪ੍ਰਮਾਤਮਾ ਦੇ ਦਰਸ਼ਨ ਕਰੀਏ। ਕਿਸੇ ਨੂੰ ਮੰਦਾ ਨਾ ਆਖੀਏ ਕਿਉਂਕਿ ਉਹ ਵਾਹਿਗੁਰੂ ਘਟ ਘਟ ਦਾ ਵਾਸੀ ਹੈ।

ਇਸ ਦੇ ਨਾਲ ਹੀ ਸਵਾਸ ਸਵਾਸ ਵਾਹਿਗੁਰੂ ਜੀ ਦਾ ਨਾਮ ਜਪੀਏ ਅਤੇ ਸਤਿਗੁਰੂ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ) ਦਾ ਲੜ ਛੱਡ ਕੇ ਹੋਰ ਕਿਧਰੇ ਪਾਸੇ ਨਾ ਭਟਕੀਏ। ਸ਼ਬਦ-ਗੁਰੂ ਦੇ ਸਿਧਾਂਤ ਤੇ ਪੂਰਾ ਪੂਰਾ ਪਹਿਰਾ ਦੇਈਏ।

ਸਬਰ-ਸੰਤੋਖ ਅਤੇ ਦਇਆ-ਧਰਮ ਦਾ ਸ਼ਿੰਗਾਰ ਬਣਾਈਏ ਭਾਵ ਜੀਵਨ ਵਿੱਚ ਲੋਭ ਲਾਲਚ ਛੱਡ ਕੇ ਧਰਮ ਦੀ ਕ੍ਰਿਤ (ਸੁਕ੍ਰਿਤ) ਕਰਕੇ ਜੀਵਨ ਨਿਰਬਾਹ ਕਰੀਏ, ਜੋ ਕੁਝ ਧਰਮ ਦੀ ਕ੍ਰਿਤ ਨਾਲ ਹਾਸਲ ਹੁੰਦਾ ਹੈ, ਉਸੇ ਵਿੱਚ ਗੁਜ਼ਾਰਾ ਕਰੀਏ ਸਬਰ ਅਤੇ ਸੰਤੋਸ਼ ਦਾ ਜੀਵਨ ਬਤੀਤ ਕਰੀਏ।

ਸ੍ਰੀ ਗੁਰੂ ਪੰਚਮ ਪਾਤਸ਼ਾਹ ਉਪਰੋਕਤ ਗੁਣਾਂ ਦੇ ਧਾਰਨੀ ਨੂੰ ਸੁਹਾਗਣ ਦਾ ਦਰਜਾ ਦਿੰਦੇ ਹਨ, ਭਾਵ ਐਸੀ ਜੀਵ-ਆਤਮਾ, ਪਰਮ-ਆਤਮਾ ਦੀ ਸੁਹਾਗਣ ਬਣ ਜਾਂਦੀ ਹੈ ਅਤੇ ਅਪਣੇ ਪ੍ਰੀਤਮ ਪਿਆਰੇ ਵਾਹਿਗੁਰੂ ਜੀ ਨੂੰ ਭਾਉਂਦੀ ਹੈ। ਸਤਿਗੁਰੂ ਜੀ ਅਤੇ ਪ੍ਰਭੂ ਜੀ ਉਸ ਨਾਲ ਪ੍ਰੇਮ ਪਿਆਰ ਕਰਦੇ ਹਨ। ਐਸਾ ਗੂੜ੍ਹਾ ਪਿਆਰ ਪੈ ਜਾਂਦਾ ਹੈ ਕਿ ਰੱਬ ਭਗਤਾਂ ਦੇ ਵੱਸ ਹੋ ਜਾਂਦਾ ਹੈ। ਜੇਕਰ ਰੱਬ ਜੀ ਭਗਤ ਤੋਂ ਪੱਲਾ ਵੀ ਛੁਡਾਉਣਾ ਚਾਹੇ, ਰੱਬ ਨਹੀਂ ਛਡਾ ਸਕਦਾ। ਇਸ ਅਵਸਥਾ ਤੇ ਆਕੇ ਭਗਤ ਰਵਿਦਾਸ ਜੀ ਸੋਰਠਿ ਬਾਣੀ ਵਿੱਚ ਕਹਿ ਉਠਦੇ ਹਨ :-

**ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ ॥**
**ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ ॥** (ਅੰਗ-੬੫੮)

ਭਾਈ ਗੁਰਦਾਸ ਜੀ ਅਪਣੀ ਕਬਿੱਤ-੨੩੪ ਵਿੱਚ ਪ੍ਰਭੂ ਦੇ ਪ੍ਰੇਮ ਵਿੱਚ, ਯਾਦ ਵਿੱਚ, ਮਨ ਨੂੰ ਕਿਵੇਂ ਜੋੜਨਾ ਹੈ, ਫੁਰਮਾਣ ਕਰਦੇ ਹਨ :-

**ਜੈਸੇ ਮਨ ਲਾਗਤ ਹੈ ਲੇਖਕ ਕੋ ਲੇਖੈ ਬਿਖੈ ਹਰਿ ਜਸ ਲਿਖਤ ਨ ਤੈਸੋ ਠਹਿਰਾਵਈ ।**
**ਜੈਸੇ ਮਨ ਬਨਜ ਬਯੋਹਾਰ ਕੇ ਬਿਥਾਰ ਬਿਖੈ ਸਬਦ ਸੁਰਤਿ ਅਵਗਾਹਨ ਨ ਭਾਵਈ ।**

**ਜੈਸੇ ਮਨ ਕਨਿਕ ਔ ਕਾਮਨੀ ਸਨੇਹ ਬਿਖੈ ਸਾਧ ਸੰਗ ਤੈਸੇ ਨੇਹ ਪਲ ਨ ਲਗਾਵਈ ।**
**ਮਾਯਾ ਬੰਧ ਧੰਧ ਬਿਖੈ ਆਵਧ ਬਿਹਾਇ ਜਾਇ ਗੁਰ ਉਪਦੇਸ ਹੀਨ ਪਾਛੈ ਪਛੁਤਾਵਈ ।**

ਭਾਈ ਸਾਹਿਬ ਲੇਖਾਕਾਰ (Accountant) ਦੀ ਗੱਲ ਕਰਦੇ ਹਨ ਕਿ ਉਹ ਲੇਖਾ (ਹਿਸਾਬ-ਕਿਤਾਬ) ਕਰਨ ਵਿੱਚ ਅਪਣਾ ਸਾਰਾ ਧਿਆਨ ਲਗਾ ਦਿੰਦਾ ਹੈ ਪਰ ਅਸੀਂ ਵਾਹਿਗੁਰੂ ਜੀ ਦਾ ਜੱਸ ਲਿਖਣ ਵਿੱਚ ਕਦੇ ਅਪਣਾ ਮਨ ਨਹੀਂ ਲਾਉਂਦੇ, ਮਨ ਨਹੀਂ ਠਹਿਰਾਉਂਦੇ।

ਦੂਜੀ ਗੱਲ ਭਾਈ ਸਾਹਿਬ ਕਹਿੰਦੇ ਹਨ ਕਿ ਜਿਸ ਤਰ੍ਹਾਂ ਵਪਾਰ ਕਰਨ ਵਾਲਾ ਵਿਉਪਾਰੀ ਆਪਣੇ ਕਾਰੋਬਾਰ ਦੇ ਪਾਸਾਰ ਲਈ, ਕਾਰੋਬਾਰ ਦੇ ਵਾਧੇ ਲਈ ਦਿਨ ਰਾਤ ਜੁਟਿਆ ਰਹਿੰਦਾ ਹੈ, ਪਰ ਉਸ ਵਾਂਗੂੰ ਅਸੀਂ ਅਪਣੀ ਸੁਰਤ ਨੂੰ ਗੁਰੂ ਦੇ ਸ਼ਬਦ ਵਿੱਚ ਨਹੀਂ ਜੋੜਦੇ।

ਜਿਸ ਤਰ੍ਹਾਂ ਸਾਡਾ ਮਨ ਸੋਨੇ ਦਾ ਲੋਭ ਕਰਦਾ ਹੈ ਅਤੇ ਕਾਮਨੀ ਇਸਤ੍ਰੀ ਨਾਲ ਮੋਹ-ਪ੍ਰੇਮ ਕਰਦਾ ਹੈ। ਪਰ ਅਸੀਂ ਪਲ ਭਰ ਲਈ ਵੀ ਸਾਧ ਸੰਗਤ ਵਿੱਚ ਆਪਣਾ ਮਨ ਨਹੀਂ ਲਗਾਉਂਦੇ।

ਜਿਵੇਂ ਮਾਯਾ ਦੇ ਧੰਧਿਆਂ ਵਿੱਚ ਅਸੀਂ ਆਪਣਾ ਸਾਰਾ ਜੀਵਨ ਲਗਾਇਆ ਹੋਇਆ ਹੈ ਅਤੇ ਜੀਵਨ ਮਨੋਰਥ ਨੂੰ ਬਿਲਕੁਲ ਵੀ ਚਿੱਤ ਵਿੱਚ ਨਹੀਂ ਲਿਆਉਂਦੇ। ਜੀਵਨ ਦਾ ਸਮਾਂ ਬੇਅਰਥ ਜਾ ਰਿਹਾ ਹੈ, ਪਰ ਇਸ ਤਰ੍ਹਾਂ ਮਾਇਆ ਦੇ ਧੰਧਿਆਂ ਵਾਂਗੂੰ ਗੁਰੂ-ਉਪਦੇਸ਼ ਨੂੰ ਨਹੀਂ ਸੁਣਦੇ ਅਤੇ ਅਖੀਰ ਨੂੰ ਗੁਰੂ-ਉਪਦੇਸ਼ ਦੀ ਪਾਲਣਾ ਤੋਂ ਬਿਨਾਂ ਜੀਵ-ਆਤਮਾ ਪਛਤਾਉਂਦੀ ਹੈ। ਅੱਗੇ ਸੋਰਠਿ ਬਾਣੀ ਵਿੱਚ ਭਗਰ ਰਵਿਦਾਸ ਅੰਗ ੬੫੮-੫੯ ਵਿੱਚ ਆਖਦੇ ਹਨ:-

**ਜਉ ਤੁਮ ਗਿਰਿਵਰ ਤਉ ਹਮ ਮੋਰਾ ॥ ਜਉ ਤੁਮ ਚੰਦ ਤਉ ਹਮ ਭਏ ਹੈ ਚਕੋਰਾ ॥੧॥ ਮਾਧਵੇ ਤੁਮ ਨ ਤੋਰਹੁ ਤਉ ਹਮ ਨਹੀ ਤੋਰਹਿ ॥ ਤੁਮ ਸਿਉ ਤੋਰਿ ਕਵਨ ਸਿਉ ਜੋਰਹਿ ॥੧॥ ਰਹਾਉ ॥ ਜਉ ਤੁਮ ਦੀਵਰਾ ਤਉ ਹਮ ਬਾਤੀ ॥ ਜਉ ਤੁਮ ਤੀਰਥ ਤਉ ਹਮ ਜਾਤੀ ॥੨॥ ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥ ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥੩॥ਜਹ ਜਹ ਜਾਉ ਤਹਾ ਤੇਰੀ ਸੇਵਾ ॥ ਤੁਮ ਸੋ ਠਾਕੁਰੁ ਅਉਰੁ ਨ ਦੇਵਾ ॥੪॥ ਤੁਮਰੇ ਭਜਨ ਕਟਹਿ ਜਮ ਫਾਂਸਾ ॥ ਭਗਤਿ ਹੇਤ ਗਾਵੈ ਰਵਿਦਾਸਾ ॥**

ਪ੍ਰਭੂ ਪ੍ਰੀਤ ਨੂੰ ਦਰਸਾਉਂਣ ਲਈ ਰਵਿਦਾਸ ਜੀ ਆਖਦੇ ਹਨ ਕਿ ਹੇ ਮਾਧੋ ਜੀ ! ਜੇਕਰ ਤੁਸੀਂ ਸੁਹਣੇ ਪਹਾੜ ਹੋ ਤਾਂ ਮੈਂ ਮੋਰ ਹਾਂ ਅਤੇ ਮੈਂ ਤੁਹਾਡੇ ਉੱਤੇ ਰਹਿ ਕੇ ਪਿਆਰ ਦੀਆਂ ਪੈਲਾਂ ਪਾਉਂਦਾ ਹਾਂ ਅਤੇ ਜੇ ਕਰ ਤੁਸੀਂ ਚੰਦ ਹੋ ਤਾਂ ਮੈਂ ਚਕੋਰ ਹਾਂ ਜਿਵੇਂ ਚਕੋਰ ਚੰਦ ਨੂੰ

ਪਿਆਰ ਕਰਦਾ ਹੈ, ਇਸ ਤਰ੍ਹਾਂ ਪ੍ਰਭੂ ਜੀ ਮੈਂ ਤੈਨੂੰ ਪਿਆਰ ਕਰਦਾ ਹਾਂ।

ਹੇ ਪ੍ਰਭੂ ਜੀ ! ਜੇਕਰ ਤੁਸੀਂ ਸਾਡੇ ਨਾਲੋਂ ਪ੍ਰੀਤ ਨਾ ਤੋੜੋ ਤਾਂ ਅਸੀਂ ਵੀ ਤੇਰੇ ਨਾਲੋਂ ਪ੍ਰੀਤ ਨਹੀਂ ਤੋੜਾਂਗੇ। ਅਸੀਂ ਤੁਹਾਡੇ ਨਾਲੋਂ ਪ੍ਰੇਮ ਦੀ ਡੋਰ ਤੋੜ ਕੇ ਕਿਸ ਨਾਲ ਜੋੜਾਂਗੇ ? ਜ਼ਰਾ ਦੱਸੋ ਤਾਂ ਸਹੀ ! ਬਿਲਕੁਲ ਵੀ ਕਿਸੇ ਨਾਲ ਨਹੀਂ ਜੋੜ ਸਕਦੇ, ਅਸੀਂ ਤਾਂ ਤੇਰੇ ਹੀ ਹਾਂ।

ਮੰਨ ਲਵੋਂ ਤੁਸੀਂ ਇੱਕ ਦੀਵਾ ਹੋ ਤਾਂ ਸਾਨੂੰ ਉਸ ਵਿੱਚ ਪਈ ਹੋਈ ਬੱਤੀ ਸਮਝੋ ਅਤੇ ਜੇ ਕਰ ਤੁਸੀਂ ਇੱਕ ਤੀਰਥ ਹੋ ਤਾਂ ਸਾਨੂੰ ਸਮਝੋ ਕਿ ਅਸੀਂ ਤੇਰੇ ਤੀਰਥ ਉੱਤੇ ਜਾਣ ਵਾਲੇ ਇੱਕ ਯਾਤ੍ਰੀ ਹਾਂ।

ਅਗਲੇ ਪਦੇ ਵਿੱਚ ਫੇਰ ਆਖਦੇ ਹਨ ਕਿ ਅਸੀਂ ਪ੍ਰੀਤ ਤੁਹਾਡੇ ਨਾਲ ਜੋੜੀ ਹੋਈ ਹੈ ਅਤੇ ਹੋਰਾਂ ਨਾਲ ਤੋੜੀ ਹੋਈ ਹੈ ਕਿਉਂਕਿ ਤੇਰੇ ਜੇਹਾ ਹੋਰ ਕੋਈ ਨਜ਼ਰ ਨਹੀਂ ਆ ਰਿਹਾ। ਤੇਰੇ ਵਰਗਾ ਹੋਰ ਕੋਈ ਦੇਵਤਾ ਵੀ ਨਹੀਂ ਹੈ। ਜਿੱਥੇ ਜਿਥੇ ਅਸੀਂ ਜਾਂਦੇ ਹਾਂ ਤੇਰੀ ਹੀ ਸੇਵਾ ਕਰਦੇ ਹਾਂ। ਤੇਰੀ ਬੰਦਗੀ ਕਰਦੇ ਹਾਂ। ਤੇਰੀ ਬੰਦਗੀ ਨਾਲ ਜਮਾਂ ਦੀ ਫਾਂਸੀ ਕੱਟੀ ਜਾਂਦੀ ਹੈ। ਤੇਰੀ ਪ੍ਰੇਮਾ ਭਗਤੀ ਕਰਨ ਲਈ ਮੈਂ (ਭਗਤ ਰਵਿਦਾਸ) ਤੇਰੇ ਗੁਣ ਗਾਉਂਦਾ ਹਾਂ। ਪੰਜਵੇਂ ਪਾਤਸ਼ਾਹ ਦੁਕਾਨਦਾਰ ਦੀ ਅਤੇ ਹੋਰ ਕਈ ਢੁਕਵੀਆਂ ਉਦਾਹਰਣਾਂ ਦਿੰਦੇ ਹੋਏ ਆਖਦੇ ਹਨ:-

**ਬਸੰਤੁ ਮਹਲਾ ੫ ॥ ਹਟਵਾਣੀ ਧਨ ਮਾਲ ਹਾਟੁ ਕੀਤੁ ॥ ਜੂਆਰੀ ਜੂਏ ਮਾਹਿ ਚੀਤੁ ॥ ਅਮਲੀ ਜੀਵੈ ਅਮਲੁ ਖਾਇ ॥ ਤਿਉ ਹਰਿ ਜਨੁ ਜੀਵੈ ਹਰਿ ਧਿਆਇ॥੧॥ ਅਪਨੈ ਰੰਗਿ ਸਭੁ ਕੋ ਰਚੈ ॥ ਜਿਤੁ ਪ੍ਰਭਿ ਲਾਇਆ ਤਿਤੁ ਤਿਤੁ ਲਗੈ ॥੧॥ ਰਹਾਉ ॥ ਮੇਘ ਸਮੈ ਮੋਰ ਨਿਰਤਿਕਾਰ ॥ ਚੰਦ ਦੇਖਿ ਬਿਗਸਹਿ ਕਉਲਾਰ ॥ ਮਾਤਾ ਬਾਰਿਕ ਦੇਖਿ ਅਨੰਦ ॥ ਤਿਉ ਹਰਿ ਜਨ ਜੀਵਹਿ ਜਪਿ ਗੋਬਿੰਦ ॥੨॥ ਸਿੰਘ ਰੁਚੈ ਸਦ ਭੋਜਨੁ ਮਾਸ ॥ ਰਣੁ ਦੇਖਿ ਸੂਰੇ ਚਿਤ ਉਲਾਸ ॥ ਕਿਰਪਨ ਕਉ ਅਤਿ ਧਨ ਪਿਆਰੁ ॥ ਹਰਿ ਜਨ ਕਉ ਹਰਿ ਹਰਿ ਆਧਾਰੁ ॥੩॥ ਸਰਬ ਰੰਗ ਇਕ ਰੰਗ ਮਾਹਿ ॥ ਸਰਬ ਸੁਖਾ ਸੁਖ ਹਰਿ ਕੈ ਨਾਇ ॥ ਤਿਸਹਿ ਪਰਾਪਤਿ ਇਹੁ ਨਿਧਾਨੁ ॥ ਨਾਨਕ ਗੁਰੁ ਜਿਸੁ ਕਰੇ ਦਾਨੁ ॥੪॥** (ਅੰਗ-੧੧੮੦)

ਪੰਜਵੇਂ ਪਾਤਸ਼ਾਹ ਫਰਮਾਉਂਦੇ ਹਨ ਕਿ ਇੱਕ ਦੁਕਾਨਦਾਰ ਅਪਣਾ ਪੂਰੇ ਦਾ ਪੂਰੇ ਧਿਆਨ ਆਪਣੀ ਦੁਕਾਨ ਵਿੱਚ ਰੱਖਦਾ ਹੈ ਕਿ ਕਿੰਨਾ ਕੁ ਸਾਮਾਨ ਵਿਕਦਾ ਹੈ। ਕਿੰਨੀ ਕੁ ਬੱਚਤ ਹੁੰਦੀ ਹੈ। ਕਿਹੜਾ ਸਾਮਾਨ ਖਤਮ ਹੈ, ਕਿਹੜਾ ਵਾਧੂ ਹੈ ਜਾਂ ਲਿਆਉਂਣ ਵਾਲਾ ਹੈ, ਕਿਹੜੀ ਵਸਤੂ ਵੱਧ ਵਿਕਦੀ ਹੈ ਅਤੇ ਵੱਧ ਆਮਦਨ ਦਿੰਦੀ ਹੈ। ਇਸੇ ਤਰ੍ਹਾਂ ਜੂਆ ਖੇਡਣ ਵਾਲਾ ਆਪਣਾ ਸਾਰਾ ਧਿਆਨ ਜੂਏ ਵਿੱਚ ਰੱਖਦਾ ਹੈ। ਅਫੀਮ ਖਾਣ ਵਾਲਾ ਅਫੀਮ ਖਾਧੇ ਤੋਂ ਬਿਨਾਂ ਰਹਿ ਹੀ ਨਹੀਂ ਸਕਦਾ, ਅਫੀਮ ਖਾ ਖਾ ਕੇ ਜੀਂਦਾ ਹੈ। ਸਤਿਗੁਰੂ ਜੀ ਆਖਦੇ ਹਨ ਕਿ

ਨਾਮ ਜਪਣ ਵਾਲੇ ਪ੍ਰਾਣੀ ਦੀ ਵੀ ਇਹੋ ਹਾਲਤ ਹੁੰਦੀ ਹੈ। ਨਾਮ ਤੋਂ ਬਿਨਾਂ ਉਹ ਆਪਣੇ ਆਪ ਨੂੰ ਮਰਿਆਂ ਦੇ ਬਰਾਬਰ ਸਮਝਦਾ ਹੈ "**ਆਖਾ ਜੀਵਾ ਵਿਸਰੈ ਮਰਿ ਜਾਉ ॥**"

ਅਪਣੇ ਭਾਣੇ ਵਿੱਚ ਸਾਰੇ ਸੰਸਾਰ ਨੂੰ ਪਰਮੇਸ਼ਰ ਨੇ ਸਿਰਜਿਆ ਹੈ ਤੇ ਜਿੱਥੇ ਜਿੱਥੇ ਜੀਵਾਂ ਨੂੰ ਲਾਇਆ ਹੈ, ਉੱਥੇ ਉੱਥੇ ਉਹ ਲੱਗੇ ਹੋਏ ਹਨ। ਰਹਾਉ।

ਜਦੋਂ ਅਸਮਾਨ ਤੇ ਬੱਦਲ ਦੀਆਂ ਕਾਲੀਆਂ ਘਟਾਂਵਾਂ ਛਾਈਆਂ ਹੋਣ, ਬਾਰਿਸ਼ ਹੋਣ ਵਾਲੀ ਹੋਵੇ, ਮੋਰ ਖੁਸ਼ੀ ਵਿੱਚ ਆਕੇ ਪੈਲਾਂ ਪਾਉਂਦਾ ਹੈ। ਜਿਵੇਂ ਚੰਦ ਨੂੰ ਵੇਖ ਕੇ ਭਬੂਲ ਖਿੜਦੇ ਹਨ। ਜਿਵੇਂ ਮਾਂ ਆਪਣੇ ਪੁੱਤਰ ਨੂੰ ਵੇਖ ਕੇ ਖੁਸ਼ ਹੁੰਦੀ ਹੈ। ਇਸ ਤਰ੍ਹਾਂ ਵਾਹਿਗੁਰੂ ਦੀ ਭਗਤੀ ਕਰਨ ਵਾਲੇ, ਭਗਤੀ ਕਰਕੇ ਅਨੰਦ ਮਾਣਦੇ ਹਨ।

ਜਿਵੇਂ ਸ਼ੇਰ ਮਾਸ ਉੱਤੇ ਰੀਝਦਾ ਹੈ। ਜੰਗ ਜੁੱਧ ਦੇਖ ਕੇ ਸੂਰਬੀਰਾਂ ਨੂੰ ਹੁਲਾਸ ਆਉਂਦਾ ਹੈ। ਸ਼ੂਮ (ਕੰਜੂਸ) ਆਦਮੀ ਨੂੰ ਹਮੇਸ਼ਾ ਧਨ ਨਾਲ ਹੀ ਪਿਆਰ ਹੁੰਦਾ ਹੈ। ਵਾਹਿਗੁਰੂ ਜੀ ਦੇ ਭਗਤ ਨੂੰ ਹਰੀ ਦੇ ਨਾਮ ਦਾ ਹੀ ਓਟ ਆਸਰਾ ਹੁੰਦਾ ਹੈ, ਵਾਹਿਗੁਰੂ ਦੀ ਯਾਦ ਮਨ ਵਿੱਚ ਵਸਾਉਂਦਾ ਹੈ।

ਸਤਿਗੁਰੂ ਜੀ ਸਾਰੇ ਰੰਗ, ਪ੍ਰੇਮ ਭਾਵ ਇੱਕੋਂ ਪਰਮਾਤਮਾ ਦੇ ਪਿਆਰ ਵਿੱਚ ਹੀ ਆਖਦੇ ਹਨ। ਸਾਰੇ ਸੁੱਖ ਵਾਹਿਗੁਰੂ ਜੀ ਦੇ ਨਾਮ ਵਿੱਚ ਹਨ। ਗੁਰੂ ਨਾਨਕ ਸਾਹਿਬ (ਪੰਜਵੇਂ ਨਾਨਕ) ਆਖਦੇ ਹਨ ਕਿ ਇਸ ਨਾਮ ਧਨ ਦੀ ਪ੍ਰਾਪਤੀ ਉਸਨੂੰ ਹੁੰਦੀ ਹੈ ਜਿਸ ਉੱਪਰ ਗੁਰੂ ਸਾਹਿਬ ਕ੍ਰਿਪਾ ਕਰਕੇ ਇਹ ਦਾਨ ਦਿੰਦੇ ਹਨ। ਜੀਵ ਨੂੰ ਪ੍ਰਭੂ ਪ੍ਰੇਮ ਦੀ ਤਾਂਘ ਅਪਣੇ ਮਨ ਅੰਦਰ ਵਸਾਉਂਣੀ ਚਾਹੀਦੀ ਹੈ। ਜਿਸ ਲਈ ਅਰਦਾਸ ਕਰਦੇ ਰਹੀਏ, ਕਿਸੇ ਸਮੇਂ ਤੇ ਸਤਿਗੁਰੂ ਜੀ ਤ੍ਰੁੱਠ ਪੈਣਗੇ ਅਤੇ ਆਪਣਾ ਪਿਆਰ ਬਖਸ਼ ਦੇਣਗੇ। -0-0-0-


## ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ'

ਭਵਨ ਨੰ.6, ਫੇਜ 3-ਏ, ਐਸ.ਏ.ਐਸ.ਨਗਰ (ਮੋਹਾਲੀ) ਵਿਖੇ,

# ਮਹੀਨਾ ਵਾਰੀ ਗੁਰਮਤਿ ਸਮਾਗਮ

## ਦੂਜਾ ਸਨੀਵਾਰ 13 ਅਪ੍ਰੈਲ 2024 ਨੂੰ

10.00 ਤੋਂ 01.00 ਵਜੇ ਦੁਪਹਿਰ ਤਕ

ਸ਼ਬਦ-ਕੀਰਤਨ ਅਤੇ ਸ਼ਬਦ-ਵੀਚਾਰ ਹੋਵੇਗੀ।

ਸਤਿਸੰਗ ਵਿੱਚ ਦਰਸ਼ਨ ਦੇ ਕੇ ਲਾਭ ਉਠਾਓ ਜੀ।

**ਗੁਰੂ ਕਾ ਲੰਗਰ ਅਤੁੱਟ ਵਰਤੇਗਾ।**

# ਸੁੱਚੀ ਕਿਰਤ ਚਿੰਨ੍ਹ ਏ ਮਾਨਵਤਾ ਦਾ

-ਪ੍ਰਿੰਸੀਪਲ ਜੋਗਿੰਦਰ ਸਿੰਘ, ਮੋਬਾਇਲ ੯੦੫੦੬-੮੦੩੭੦

ਸਰੀਰਕ ਜਾਂ ਮਾਨਸਿਕ ਪੱਖੋਂ, ਪੂਰਨ ਸ਼ਰਧਾ, ਲਗਨ ਅਤੇ ਨਿੱਸ਼ਠਾ ਨਾਲ ਸਮਰਪਿਤ ਹੋ ਕੇ, ਕਿਸੇ ਕਾਰਜ ਨੂੰ ਨੇਪਰੇ ਚਾੜ੍ਹਨ ਵਾਲੀ ਸਵਾਰਥ-ਰਹਿਤ ਕਿਰਿਆ ਕਹਾਉਂਦੀ ਏ ਸੁੱਚੀ ਕਿਰਤ। ਸੱਚੀ ਕਿਰਤ ਦੀ ਭਾਵਨਾਤਮਿਕ ਸ੍ਰੇਸ਼ਠਤਾ ਇਸੇ ਗੱਲ 'ਚ ਏ ਕਿ ਵਿਅਕਤੀ ਕਾਰਜ ਪ੍ਰਤੀ ਸੁਚੇਤ ਹੋਵੇ, ਸਾਵਧਾਨ ਹੋਵੇ ਅਤੇ ਕਰਮਯੋਗੀ ਹੋਵੇ।

ਵਾਸਤਵ 'ਚ ਸੁੱਚੀ ਕਿਰਤ ਤਾਂ 'ਡੋਲ੍ਹ ਰੱਤ ਖਾਹ ਭੱਤ' ਜਾਂ 'ਕਰ ਮਜੂਰੀ ਖਾਹ ਚੂਰੀ' ਦਾ ਦਰਸਾਉਂਦੀ ਏ ਮਹੱਤਵ। ਇਹ ਤਾਂ ਪ੍ਰਤੀਕ ਏ ਦੀਨ, ਧਰਮ, ਈਮਾਨ, ਨੇਕ ਨੀਤੀ ਅਤੇ ਯਥਾ ਸ਼ਕਤੀ ਨਾਲ ਕੀਤੇ ਕਾਰਜ ਦੀ ਅਦਾਇਗੀ ਦੀ। ਇਹ ਤਾਂ ਉਪੱਜਦੀ ਏ ਮਨੁੱਖ ਦੀਆਂ ਸਮੁੱਚੀਆਂ ਪ੍ਰਵਿਰਤੀਆਂ ਦੀ ਹੱਡ-ਭੰਨਵੀ ਘਾਲ 'ਚੋਂ ਅਤੇ ਗਾੜ੍ਹੇ ਪਸੀਨੇ ਦੀ ਕਮਾਈ 'ਚੋਂ। ਇਹ ਤਾਂ ਹੱਕ ਦੀ ਬੁਰਕੀ ਖਾ ਕੇ ਰੀਝਦੀ ਏ।

ਸੱਚ-ਮੁੱਚ ਇਹ ਤਾਂ ਉਪਜ ਹੈ ਸ਼ੁੱਧ, ਨਿਰਮਲ ਅਤੇ ਪਵਿੱਤਰ ਭਾਵਨਾਵਾਂ ਦੀ। ਸਾਰਥਕ, ਉਸਾਰੂ ਅਤੇ ਉਪਯੋਗੀ ਵਿਚਾਰ ਇਸ ਦਾ ਥੰਮ੍ਹ ਹਨ। ਹਿੰਮਤ, ਸਾਹਸ ਅਤੇ ਧੀਰਜ ਇਸ ਦੀਆਂ ਸਹਾਇਕ ਬਾਂਦੀਆਂ ਹਨ।

ਸੁਭਾਅ ਪੱਖੋਂ ਸੁੱਚੀ ਕਿਰਤ ਏ ਰੱਜੀ-ਪੁੱਜੀ, ਸੰਤੁਸ਼ਟ ਅਤੇ ਤ੍ਰਿਪਤ। ਨਾ ਇਹ ਅਨੁਚਿਤ ਇਵਜ਼ਾਨਾ ਲੋਚਦੀ ਅਤੇ ਨਾ ਹੀ ਇਹ ਭਿਖਾਰਨ ਬਣਕੇ ਹੱਥ ਅੱਡਦੀ ਜਾਂ ਮੰਗਦੀ। ਨਾ ਇਹ ਤਰਲੇ ਲੈਂਦੀ ਅਤੇ ਨਾ ਹੀ ਇਹ ਕਿਸੇ ਅੱਗੇ ਹਾੜ੍ਹੇ ਕੱਢਦੀ। ਨਾ ਇਹ ਹਰਾਮ ਖੋਰ ਅਤੇ ਨਾ ਹੀ ਇਹ ਬੇਈਮਾਨ। ਈਮਾਨ ਹੈ ਇਸ ਦਾ ਧੁਰਾ। ਸਗੋਂ ਇਹ ਤਾਂ ਹੱਕ ਦੇ ਹੱਕ 'ਚ ਏ। ਬੱਸ ਇਸ ਦਾ ਹੱਕ ਨਾ ਹੋਵੇ।

ਵੈਸੇ ਇਸ ਦੀ ਅਣਖ ਦੀ ਧਾਰ ਏ ਬੜੀ ਤੇਜ। ਇਹ ਹੈ ਲਾਲਸਾਵਾਂ ਤੋਂ ਰਹਿਤ। ਨਾ ਇਹ ਵਡਿਆਈ ਖੋਰੀ ਅਤੇ ਨਾ ਹੀ ਇਹ ਉਪਮਾ ਦੀ ਭੁੱਖੀ। ਨਾ ਇਸ ਨੂੰ ਉਪਾਧੀ ਦੀ ਚੇਸ਼ਟਾ ਅਤੇ ਨਾ ਹੀ ਇਹ ਨਾਮਣਾ ਖੱਟਣ ਲਈ ਤਰਲੋ-ਮੱਛੀ। ਸਰੀਰ ਭਾਵੇਂ ਥੱਕਿਆ-ਟੁੱਟਿਆ,ਪਰ ਮਾਨਸਿਕ ਸਰੂਰ ਕਾਰਨ ਇਸ 'ਚ ਦੀਵਾਨਗੀ ਜਿਹੀ ਮਸਤੀ ਏ। ਅਮਾਨਵੀ ਕਾਰਜਾਂ ਦੇ ਘੁੱਪ ਹਨ੍ਹੇਰਿਆਂ 'ਚ ਡੁੱਬੇ ਲੋਕਾਂ ਲਈ ਇਹ ਇੱਕ ਚਾਨਣ ਮੁਨਾਰਾ ਹੈ।

ਸੁੱਚੀ ਕਿਰਤ ਚਿੰਨ੍ਹ ਏ ਮਾਨਵਤਾ ਦਾ, ਦਾਨਵਤਾ ਦਾ ਨਹੀਂ। ਮਾਨਵੀ ਕਦਰਾਂ-ਕੀਮਤਾਂ ਦੀ ਜੋਤ ਨਾ ਕੇਵਲ ਕਾਲੀਆਂ ਕਰਤੂਤਾਂ ਦੀ ਅਮਾਵਸ ਨੂੰ ਕਰਦੀ ਏ ਕਾਫ਼ੂਰ ਸਗੋਂ ਦਿਲਾਂ ਦੇ ਵਿਹੜਿਆਂ ਨੂੰ ਕਰਦੀ ਏ ਨੂਰੋ-ਨੂਰ। ਹਕੀਕਤ ਇਹ ਹੈ ਕਿ ਸੁੱਚੀ ਕਿਰਤ ਬਣਾ ਦਿੰਦੀ ਏ ਮਨੁੱਖ ਨੂੰ ਮਨੁੱਖਤਾ ਵਾਲਾ।

ਸੁੱਚੀ ਕਿਰਤ ਤਾਂ ਮਨੁੱਖ ਦੇ ਸਾਹਵੇਂ ਅਨਮੋਲ ਅਤੇ ਅਣਗਿਣਤ ਆਦਰਸ਼ਾਂ ਦੀ ਭਰੀ ਚੰਗੇਰ ਦੇ ਨਿਆਈਂ ਹੈ। ਇਸ ਦਾ ਹਰ ਆਦਰਸ਼ ਜੀਵਨ ਨੂੰ ਲਿਖਾਰਦਾ, ਉਭਾਰਦਾ, ਸੰਵਾਰਦਾ ਅਤੇ ਸ਼ਿੰਗਾਰਦਾ ਏ। ਇਸ ਦਾ ਜਾਮਾ ਪਾਕ ਅਤੇ ਪਵਿੱਤਰ ਏ। ਆਚਾਰ-ਵਿਵਹਾਰ ਪੱਖੋਂ ਇਹ ਨਿਮਰ ਏ, ਸਾਊ ਏ ਅਤੇ ਸੀਤਲ ਏ।

ਜੇ ਗਹੁ ਨਾਲ ਵਿਚਾਰੀਏ ਤਾਂ ਪਤਾ ਲੱਗਦਾ ਏ ਕਿ 'ਸੁੱਚੀ ਕਿਰਤ ਏ ਇੱਕ ਅਧਿਆਤਮਿਕ ਵਰਤਾਰਾ'। ਇਸ ਦਾ ਸੁੱਚਾ ਅਤੇ ਸੱਚਾ ਆਚਾਰ-ਵਿਵਹਾਰ, ਮਨੁੱਖ ਨੂੰ ਆਤਮਿਕ ਬੱਲ ਬਖ਼ਸ਼ਦਾ ਏ। ਸਵੱਛਤਾ ਅਤੇ ਪਵਿੱਤਰਤਾ, ਦਿਆਨਤਦਾਰੀ ਅਤੇ ਈਮਾਨਦਾਰੀ ਅਤੇ ਸਚਾਈ ਤੇ ਪਾਰਸਾਈ ਦਾ, ਮਨੁੱਖ ਦੇ ਕਰਮ ਹੀ ਉਸਦੇ ਵਿਚਾਰਾਂ ਦੀ ਸੱਭ ਤੋਂ ਵਧੀਆ ਵਿਆਖਿਆ ਕਰਦੇ ਹਨ।

ਜੋ ਦਸਾਂ ਨੌਹਾਂ ਦੀ ਕਿਰਤ ਦੀ ਹੈ ਕਰਦਾ ਸਦਾ ਕਮਾਈ
ਉਹਦੇ ਹੱਥਾਂ ਨੂੰ ਰੱਬ ਚੁੰਮਦਾ, ਉਹਦੀ ਖ਼ਾਦਮ ਬਣੇ ਖ਼ੁਦਾਈ।

ਗੁਰੂ ਨਾਨਕ ਦੇਵ ਜੀ ਇਸ ਦਾ ਮਹੱਤਵ ਇਸ ਤਰ੍ਹਾਂ ਦਰਸਾ ਰਹੇ ਹਨ :-

**ਫਲੁ ਤੇਵੇਹੋ ਪਾਈਐ ਜੇਵੇਹੀ ਕਾਰ ਕਮਾਈਐ ॥** (ਅੰਗ-੪੬੮)

**ਕੀਤਾ ਆਪੋ ਆਪਣਾ ਆਪੇ ਹੀ ਲੇਖਾ ਸੰਢੀਐ ॥** (ਅੰਗ-੪੭੩)

ਕਿਰਤ ਦੇ ਹੱਥ ਚੁੰਮਨ ਯੋਗ ਹੁੰਦੇ ਹਨ। ਕਿਰਤ ਦੇ ਪਸੀਨੇ ਦੇ ਤੁੱਪਕੇ, ਤਿਆਰ ਕਰਦੇ ਹਨ ਸੰਜੀਵਨੀ। ਜੇ ਕਿਰਤੀ ਆਪਣੀ ਸੁੱਚੀ ਕਿਰਤ ਨੂੰ ਵੀ ਵੰਡ ਖਾਏ, ਫਿਰ ਉਹ ਅਜਿਹਾ ਵਿਅਕਤੀ ਹੈ ਜੋ ਕਾਦਰ ਅਤੇ ਕੁਦਰਤ ਦੋਹਾਂ ਨੂੰ ਪਹਿਚਾਣਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦਾ ਫ਼ੁਰਮਾਨ ਹੈ :-

**ਘਾਲਿ ਖਾਇ ਕਿਛੁ ਹਥਹੁ ਦੇਇ ॥ ਨਾਨਕ ਰਾਹੁ ਪਛਾਣਹਿ ਸੇਇ ॥** (ਅੰਗ-੧੨੪੫)

ਜੇ ਕਿਰਤੀ ਹੋਵੇ ਸੱਚੀ ਕਿਰਤ ਦਾ ਆਸ਼ਕ ਅਤੇ ਸਮਾਜ ਹੋਵੇ ਕਿਰਤੀ ਦੀ ਕਿਰਤ ਦਾ ਠੀਕ ਮੁੱਲ ਪਾਉਣ ਦਾ ਉਪਾਸ਼ਕ, ਫਿਰ ਸੰਸਾਰਕ ਬਾਗ 'ਚ ਸਵਰਗ ਜਿਹੀ ਝਾਕੀ। ਠੀਕ ਹੈ :-

'ਹੱਕ ਦੀ ਪਛਾਣ ਸਾਰੇ ਲੋਕਾਂ ਦੇ ਵਿੱਚ ਆਵੇ
ਦੁਨੀਆ ਸਵਰਗ ਹੋ ਜਾਏ, ਟਹਿਕੇ ਇਹ ਬਾਗ ਸਾਰਾ।'

ਕਿਰਤੀ ਮਨੁੱਖ ਹੁੰਦਾ ਏ ਸਬੂਰੀ ਅਤੇ ਸੰਤੋਖੀ। ਸ਼ਾਂਤ ਚਿੱਤ ਅਤੇ ਧੀਰਜ ਧਾਰਨੀ। ਬੱਸ ਸ੍ਵੈਮਾਨ ਅਤੇ ਕਿਰਤ ਦਾ ਆਦਰ ਲੋਚਦਾ। ਸਮੁੱਚਾ ਚੰਗੇ ਕਾਰਜਾਂ ਦੀ ਆਧਾਰਸ਼ਿਲਾ ਏ 'ਸੁੱਚੀ ਕਿਰਤ'।

-o-o-o-

# ਸਿਰਲੱਥ ਸ਼ਹੀਦ ਭਾਈ ਬਖਸ਼ੀਸ਼ ਸਿੰਘ ਜੀ

-ਡਾ.ਗੁਰਬਚਨ ਸਿੰਘ, ਮੋ : 98781-49511

ਸਿੱਖ ਇਤਿਹਾਸ ਸ਼ਹੀਦਾਂ ਦੇ ਕਾਰਨਾਮਿਆਂ ਨਾਲ ਸਰਸ਼ਾਰ ਹੈ। ਗੁਰੂ ਦਸਮੇਸ਼ ਪਿਤਾ ਦੇ ਸਾਜੇ ਖਾਲਸੇ ਨੇ ਲੱਖਾਂ ਦੀ ਗਿਣਤੀ ਵਿੱਚ ਦੇਸ਼ ਕੌਮ ਵਾਸਤੇ ਕੁਰਬਾਨੀ ਦਿੱਤੀ। ਅਜੋਕੀ ਸਿੱਖ ਸੰਗਤ ਨੂੰ ਇਨ੍ਹਾਂ ਸ਼ਹੀਦਾਂ ਤੇ ਮਾਣ ਕਰਦਿਆਂ ਅਤੇ ਇਨ੍ਹਾਂ ਕਾਰਨਾਮਿਆਂ ਨੂੰ ਪੜ੍ਹ ਸੁਣ ਕੇ ਆਪਣੇ ਧਰਮ ਵਿੱਚ ਪ੍ਰਪੱਕ ਹੋਣਾ ਚਾਹੀਦਾ ਹੈ। ਪਰ ਸਾਡੀ ਕੌਮ ਦੀ ਇਹ ਤ੍ਰਾਸਦੀ ਹੈ ਕਿ ਸਾਨੂੰ ਬਹੁ ਗਿਣਤੀ ਸਹੀਦਾਂ ਦੇ ਬਾਰੇ ਜਾਣਕਾਰੀ ਪ੍ਰਾਪਤ ਹੀ ਨਹੀਂ ਹੈ। ਅਫਸੋਸ ਇਸ ਗਲ ਦਾ ਹੈ ਕਿ ਭਾਰਤ ਦੇ ਆਜਾਦ ਹੋਣ ਤੋਂ ਬਾਅਦ ਵੀ ਪਿਛਲੇ ੭੫ ਵਰ੍ਹਿਆਂ ਵਿੱਚ ਇਸ ਪਾਸੇ ਲੋੜੀਂਦਾ ਧਿਆਨ ਨਹੀਂ ਦਿੱਤਾ ਗਿਆ ਕੁਝ ਕੁ ਵਿਅਕਤੀ ਥਾਂ ਪੁਰ ਥਾਂ ਆਪਣੇ ਤੌਰ ਤੇ ਯਤਨ ਕਰ ਰਹੇ ਹਨ। ਲੋੜ ਇਸ ਗੱਲ ਦੀ ਹੈ ਕਿ ਇਨ੍ਹਾਂ ਖੋਜੀ ਪ੍ਰੇਮੀਆਂ ਦੀ ਕਿਸੇ ਸੰਗਠਨ ਵਲੋਂ ਬਾਂਹ ਫੜੀ ਜਾਵੇ ਅਤੇ ਵੱਖੋ ਵੱਖਰੇ ਇਲਾਕਿਆਂ ਦੇ ਸ਼ਹੀਦਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਦੇ ਖੋਜ ਕੰਮਾਂ ਲਈ ਸਾਧਨ ਪ੍ਰਦਾਨ ਕੀਤੇ ਜਾਣ। ਸ਼ਹੀਦਾਂ ਦੀ ਫੁਲਵਾੜੀ ਦੇ ਟਹਿਕਦੇ ਫੁੱਲ ਭਾਈ ਬਖਸ਼ੀਸ਼ ਸਿੰਘ ਬਾਰੇ ਵੀ ਆਮ ਸੰਗਤ ਨੂੰ ਘਟ ਹੀ ਜਾਣਕਾਰੀ ਹੈ। ਸੁਰਗਵਾਸੀ ਬਾਬਾ ਕੁਲਦੀਪ ਸਿੰਘ ਮੁਖ ਸੇਵਦਾਰ ਗੁਰਦੁਆਰਾ ਪਿੰਡ ਹਿੰਮਤਪੁਰਾ (ਮੋਗਾ) ਨੇ ਭਾਈ ਬਖਸੀਸ ਸਿੰਘ ਜੀ ਬਾਰੇ ਕਿਤਾਬਚਾ ਪ੍ਰਕਾਸ਼ਿਤ ਕੀਤਾ ਹੈ "੧੮ ਵੀਂ ਸਦੀ ਦੇ ਘਲੂਘਾਰਿਆਂ ਦੀ ਗਾਥਾ" ਅਤੇ ਇੱਕ ਹੋਰ ਕਿਤਾਬ ਸ.ਰਾਮ ਸਿੰਘ ਬੀਹਲਾ ਨੇ ਲਿਖੀ ਹੈ ਸਿੱਖ ਸੰਘਰਸ਼ (ਛੋਟਾ ਘਲੂਘਾਰਾ ਤੋਂ ਮਿਸਲ ਰਾਜ ਤੱਕ)। ਹੱਥਲੇ ਲੇਖ ਵਿੱਚ ਇਨ੍ਹਾਂ ਪੁਸਤਕਾਂ ਅਤੇ ਸ਼ਹੀਦ ਦੇ ਪਿੰਡ ਤੋਂ ਪ੍ਰਾਪਤ ਕੀਤੀ ਜਾਣਕਾਰੀ ਦੇ ਆਧਾਰ ਤੇ ਇਹ ਇਤਿਹਾਸ ਸਾਂਝਾ ਕਰ ਰਹੇ ਹਾਂ।

ਸ਼ਹੀਦ ਭਾਈ ਬਖਸ਼ੀਸ ਸਿੰਘ ਜੀ ਦਾ ਜਨਮ ਮਾਤਾ ਦੇਸ ਕੌਰ ਦੀ ਕੁਖੋਂ ਪਿਤਾ ਸ.ਗੁਲਾਬ ਸਿੰਘ ਦੇ ਘਰ ਪਿੰਡ ਰੁੜਕਾ ਕਲ੍ਹਾਂ ਜ਼ਿਲਾ ਜਲੰਧਰ ਵਿੱਚ ੯ ਨਵੰਬਰ ੧੭੦੬ ਈ. ਨੂੰ ਹੋਇਆ। ਆਪ ਦਾ ਇੱਕ ਭਰਾ ਕ੍ਰਿਪਾਲ ਸਿੰਘ ਤੇ ਦੋ ਭੈਣਾਂ ਸਨ। ਇੱਕ ਭੈਣ ਪ੍ਰਤਾਪ ਕੌਰ ਸੀ ਦੂਜੀ ਭੈਣ ਦਾ ਨਾਮ ਪ੍ਰਾਪਤ ਨਹੀਂ ਹੈ। ਪਿੰਡ ਰੁੜਕਾ ਕਲਾਂ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ; ਜੰਡਿਆਲਾ-ਗੁਰਾਇਆ ਸੜਕ ਉੱਤੇ ਰੇਲਵੇ ਸਟੇਸ਼ਨ ਗੁਰਾਇਆ ਤੋਂ ੭ ਕਿ.ਮੀ. ਦੂਰ ਹੈ।

ਭਾਈ ਬਖਸ਼ੀਸ਼ ਸਿੰਘ ਨੇ ਮੁਢਲੀ ਵਿਦਿਆ ਪਿੰਡ ਦੇ ਡੇਰੇ ਵਿੱਚ ਪ੍ਰਾਪਤ ਕੀਤੀ।

ਆਪ ਜੀ ਤੀਖਣ ਬੁੱਧੀ ਦੇ ਮਾਲਕ ਸਨ ਛੋਟੀ ਉਮਰ ਵਿੱਚ ਹੀ ਪੰਜ ਬਾਣੀਆਂ ਦੇ ਨਿਤਨੇਮੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸ਼ੁੱਧ ਪਾਠੀ ਬਣ ਗਏ। ਆਪ ਦੇ ਕੇਸ ਬਹੁਤ ਲੰਬੇ ਸਨ। ਜਦੋਂ ਮਾਤਾ ਦੇਸ ਕੌਰ ਜੀ ਕੇਸਾਂ ਨੂੰ ਸਵਾਰਦੇ ਸਨ ਤਾਂ ਆਪ ਨੂੰ ਮੰਜੇ ਉਤੇ ਖੜਾ ਕਰ ਲੈਂਦੇ ਸਨ ਤਾਂ ਜੋ ਕੇਸਾਂ ਨੂੰ ਮਿੱਟੀ ਨਾ ਲਗੇ। ਮਾਤਾ ਜੀ ਅਕਸਰ ਹੀ ਕਹਿੰਦੇ ਸਨ ਕਿ ਪੁੱਤ ਖਿਆਲ ਰੱਖੀਂ ਮੁਗਲ ਸਰਕਾਰ ਸਿੰਘਾਂ ਦੀ ਵੈਰੀ ਹੈ ਕਿਤੇ ਆਪ ਦੇ ਕੇਸਾਂ ਨੂੰ ਆਂਚ ਨਾ ਲੱਗੇ। ਆਪ ਜੀ ਬਚਪਨ ਤੋਂ ਹੀ ਨਿਡਰ ਤੇ ਦਲੇਰ ਸਨ ਤੇ ਮਾਤਾ ਜੀ ਨੂੰ ਕਹਿੰਦੇ ਸਨ ਕਿ ਤੁਸੀਂ ਕੋਈ ਫਿਕਰ ਨਾ ਕਰੋ ਕਲਗੀਆਂ ਵਾਲਾ ਪਾਤਸ਼ਾਹ ਆਪ ਸਹਾਈ ਹੋਵੇਗਾ।

ਬਾਬਾ ਜੀ ਜਦੋਂ ਜਵਾਨ ਹੋਏ ਤਾਂ ਇਕ ਘਟਨਾ ਵਾਪਰੀ ਜਿਸ ਨੇ ਆਪ ਦੇ ਮਨ ਤੇ ਗਹਿਰਾ ਅਸਰ ਕੀਤਾ। ਆਪ ਦੇ ਘਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਸਮੇਂ ਕਾਫੀ ਸੰਗਤ ਜੁੜੀ ਹੋਈ ਸੀ। ਭੋਗ ਪੈਣ ਉਪਰੰਤ ਇੱਕ ਸਿੰਘ ਨੇ ਦੱਸਿਆ ਕਿ ਜਲੰਧਰ ਦੇ ਫੌਜਦਾਰ ਨਾਦਰ ਸ਼ਾਹ ਨੇ ਇੱਕ ਗੁਰਸਿੱਖ ਪਰਿਵਾਰ ਦੀਆਂ ਗਊਆਂ ਦੇ ਵਾੜੇ ਨੂੰ ਅੱਗ ਲਾ ਕੇ ਸਾੜ ਦਿੱਤਾ ਹੈ। ਕੁਝ ਗਊਆਂ ਮਰ ਚੁੱਕੀਆਂ ਹਨ ਅਤੇ ਕੁਝ ਜ਼ਖਮੀ ਹਾਲਤ ਵਿੱਚ ਤੜਪ ਰਹੀਆਂ ਹਨ। ਇਹ ਖਬਰ ਸੁਣ ਕੇ ਸਾਰੀ ਸੰਗਤ ਵਿੱਚ ਚੁੱਪ ਵਰਤ ਗਈ। ਬਾਬਾ ਬਖਸ਼ੀਸ਼ ਸਿੰਘ ਨੇ ਥੋੜੇ ਸਮੇਂ ਬਾਅਦ ਆਖਿਆ ਸਿੰਘੋਂ ਆਪਾਂ ਗਊਆਂ ਸਾੜਣ ਦਾ ਬਦਲਾ ਲੈਣਾ ਹੈ। ਇਸ ਕੰਮ ਲਈ ਸੰਗਤ ਵਿਚੋਂ ਗਿਆਰਾਂ ਸਿੰਘ ਚੁਣ ਲਏ ਗਏ ਅਤੇ ਜੈਕਾਰਿਆਂ ਦੀ ਗੂੰਜ ਵਿੱਚ ਕਿਹਾ ਗਿਆ ਕਿ ਨਾਦਰ ਸ਼ਾਹ ਨੂੰ ਸੋਧਾ ਲਾਉਣਾ ਹੈ। ਉਸੇ ਸਮੇਂ ਸਿੰਘਾਂ ਦਾ ਇਹ ਜੱਥਾ ਬਾਬਾ ਜੀ ਦੀ ਅਗਵਾਈ ਹੇਠ ਜਲੰਧਰ ਵਲ ਨੂੰ ਰਵਾਨਾ ਹੋਇਆ। ਰਸਤੇ ਵਿੱਚ ਸਿੰਘਾਂ ਨੂੰ ਅਗੋਂ ਫੌਜ ਆਉਂਦੀ ਦਿਖਾਈ ਦਿੱਤੀ। ਕੁਝ ਸਿੰਘ ਤਾਂ ਜੰਗਲ ਵਲ ਹੋ ਗਏ ਤੇ ਬਾਕੀ ਵੇਖਣ ਲਗੇ ਕਿ ਇਸ ਫੌਜੀ ਟੋਲੀ ਦਾ ਮੁਖੀ ਕੌਣ ਹੈ। ਉਧਰੋਂ ਨਾਦਰ ਸ਼ਾਹ ਨੇ ਵੇਖ ਕੇ ਆਪਣੇ ਸਿਪਾਹੀਆਂ ਨੂੰ ਕਿਹਾ ਕਿ ਔਹ ਸਾਹਮਣੇ ਸਿੱਖ ਆ ਰਹੇ ਹਨ ਉਨ੍ਹਾਂ ਨੂੰ ਪਕੜ ਕੇ ਹੁਣੇ ਮੇਰੇ ਹਵਾਲੇ ਕਰੋ ਮੈਂ ਉਨ੍ਹਾਂ ਨੂੰ ਦੱਸਦਾ ਹਾਂ ਕਿ ਨਾਦਰ ਸ਼ਾਹ ਦੇ ਇਲਾਕੇ ਵਿੱਚ ਕਿਵੇਂ ਤੁਰੇ ਫਿਰਦੇ ਹਨ। ਸਿੰਘਾਂ ਨੇ ਜਦੋਂ ਇਹ ਸੁਣਿਆ ਤਾਂ ਬਹੁਤ ਪ੍ਰਸੰਨ ਹੋਏ ਕਿ ਸਾਡਾ ਸ਼ਿਕਾਰ ਨਾਦਰ ਸ਼ਾਹ ਆਪਣੇ ਆਪ ਹੀ ਸਾਡੇ ਸਾਹਮਣੇ ਆ ਖਲੋਤਾ ਹੈ। ਉਨ੍ਹਾਂ ਝੱਟ-ਪੱਟ ਫੌਜ ਦੀ ਟੁਕੜੀ ਤੇ ਹੱਲਾ ਬੋਲ ਦਿੱਤਾ। ਕੁਝ ਸਿਪਾਹੀ ਮਾਰ ਦਿੱਤੇ ਬਾਕੀ ਦੇ ਜਾਨ ਬਚਾਉਣ ਲਈ ਇੱਧਰ ਉੱਧਰ ਭੱਜ ਗਏ। ਨਾਦਰ ਸ਼ਾਹ, ਸਿੰਘਾਂ ਦੇ ਘੇਰੇ ਵਿੱਚ ਆ ਗਿਆ ਬਥੇਰਾ ਜਾਨ ਬਚਾਉਣ ਦਾ ਜਤਨ ਕੀਤਾ ਪਰ ਕੋਈ ਪੇਸ਼ ਨਾ ਗਈ ਸਿੰਘਾਂ ਨੇ ਉਸ ਨੂੰ ਵੱਢ ਕੇ ਪਾਰ ਬੁਲਾਇਆ ਅਤੇ ਫੌਜ ਦੇ ਘੋੜੇ ਅਤੇ ਹਥਿਆਰ ਕਾਬੂ ਕਰ ਲਏ। ਬਾਬਾ ਜੀ ਘਰ ਆਉਣ ਦੀ ਬਜਾਏ ਸਿੰਘਾਂ ਸਮੇਤ ਕਾਹਨੂੰਵਾਨ ਦੇ ਛੰਭ ਵਲ ਚਲੇ ਗਏ। ਛੰਭ ਵਿੱਚ ਪਹੁੰਚ ਕੇ ਬਾਬਾ

ਜੀ ਨੇ ਜੱਥੇਦਾਰ ਜੱਸਾ ਸਿੰਘ ਅਹਲੂਵਾਲੀਆ, ਜਥੇਦਾਰ ਚੜਤ ਸਿੰਘ ਤੇ ਹੋਰਾਂ ਨੂੰ ਆਪਣੇ ਬਾਰੇ ਦੱਸਿਆ ਕਿ ਅਸੀਂ ਜ਼ਾਲਮ ਫੌਜਦਾਰ ਨਾਦਰ ਸ਼ਾਹ ਨੂੰ ਪਾਰ ਬੁਲਾ ਕੇ ਆਏ ਹਾਂ। ਇਹ ਸੁਣ ਕੇ ਛੰਭ ਵਿੱਚ ਬੈਠੇ ਸਿੰਘਾਂ ਨੇ ਜੈਕਾਰੇ ਗਜਾ ਕੇ ਬਾਬਾ ਜੀ ਤੇ ਉਨ੍ਹਾਂ ਦੇ ਸਾਥੀ ਸਿੰਘਾਂ ਦਾ ਸਵਾਗਤ ਕੀਤਾ।

ਇਹ ਉਹ ਸਮਾਂ ਸੀ ਜਦੋਂ ਜੂਨ ੧੭੪੬ ਈ. ਨੂੰ ਛੋਟਾ ਘਲੂਘਾਰਾ ਵਾਪਰਿਆ ਸੀ। ਕਾਹਨੂੰਵਾਨ ਛੰਭ ਵਿੱਚ ਉਸ ਸਮੇਂ ਪੰਦਰਾਂ ਤੋਂ ਵੀਹ ਹਜਾਰ ਦੇ ਕਰੀਬ ਸਿੰਘ ਸਨ। ਲਖਪਤ ਰਾਏ ਨੇ ਜੰਗਲ ਨੂੰ ਅੱਗ ਲੁਆ ਦਿੱਤੀ। ਸਿੰਘਾਂ ਲਈ ਇਹ ਬਹੁਤ ਮੁਸੀਬਤ ਦਾ ਸਮਾਂ ਸੀ ਅਸਮਾਨ ਤੋਂ ਸੂਰਜ ਅੱਗ ਵਰ੍ਹਾ ਰਿਹਾ ਸੀ ਤੇ ਦੂਜੇ ਪਾਸੇ ਦੁਸ਼ਮਣਾਂ ਵਲੋਂ ਜੰਗਲ ਨੂੰ ਅੱਗ ਲਾਈ ਗਈ ਸੀ। ਇਸ ਘਲੂਘਾਰੇ ਵਿੱਚ ਸੱਤ ਹਜਾਰ ਤੋਂ ਵੀ ਵਧ ਸਿੰਘ ਸ਼ਹੀਦ ਹੋ ਗਏ। ਬਾਕੀ ਬਚੇ ਸਿੰਘ ਵੀ ਸਖਤ ਫੱਟੜ ਹੋ ਗਏ ਸਨ ਪਰ ਫਿਰ ਵੀ ਉਹ ਦੁਸ਼ਮਣਾਂ ਨੂੰ ਚੀਰਦੇ ਹੋਏ ਘੇਰੇ ਵਿਚੋਂ ਨਿਕਲ ਗਏ। ਭਾਈ ਬਖਸ਼ੀਸ਼ ਸਿੰਘ ਜੀ ਵੀ ਜ਼ਖਮੀ ਹਾਲਤ ਵਿੱਚ ਬਾਕੀ ਸਿੰਘਾਂ ਨਾਲ ਮਾਲਵੇ ਦੀ ਧਰਤੀ ਤੇ ਪਹੁੰਚ ਗਏ। ਇਥੇ ਸਿੰਘਾਂ ਨੇ ਆਪਣੇ ਜ਼ਖਮਾਂ ਦਾ ਇਲਾਜ ਕਰਾਇਆ। ਭਾਈ ਬਖਸ਼ੀਸ਼ ਸਿੰਘ ਜੀ ਵੀ ਜ਼ਖਮ ਰਾਜੀ ਹੋਣ ਤੇ ਪਿੰਡ ਭੈਣੀ ਦਰੇੜਾ ਜ਼ਿਲ੍ਹਾ ਲੁਧਿਆਣਾ ਵਿੱਚ ਪਹੁੰਚ ਗਏ। ਇਹ ਪਿੰਡ ਅਹਿਮਦਗੜ੍ਹ ਰਾਏ ਕੋਟ ਸੜਕ ਤੋਂ ੭ ਕਿ.ਮੀ. ਤੇ ਰੇਲਵੇ ਸਟੇਸ਼ਨ ਅਹਿਮਦ ਗੜ੍ਹ ਤੋਂ ੧੬ ਕਿ.ਮੀ. ਦੂਰ ਹੈ।

ਇਸ ਪਿੰਡ ਵਿੱਚ ਭਾਈ ਬਖਸ਼ੀਸ਼ ਸਿੰਘ ਜੀ ਦੇ ਮਾਮਾ, ਸ.ਸੋਹਨ ਸਿੰਘ ਰਹਿੰਦੇ ਸਨ। ਭਾਈ ਸਾਹਿਬ ਨੇ ਆਪਣੇ ਮਾਮਾ ਜੀ ਨੂੰ ਕਿਹਾ ਕਿ ਮੈਂ ਇੱਥੇ ਝਿੜੀ ਵਿੱਚ ਬੈਠ ਕੇ ਭਜਨ ਬੰਦਗੀ ਕਰਨੀ ਹੈ ਤੁਸੀਂ ਪ੍ਰਸ਼ਾਦ ਪਾਣੀ ਇਸ ਝਿੜੀ ਵਿੱਚ ਹੀ ਪਹੁੰਚਾ ਦਿਆ ਕਰਨਾ। ਭਾਈ ਜੀ ਨੇ ਤਕਰੀਬਨ ੧੨ ਸਾਲ ਬੈਠ ਕੇ ਸਿਮਰਨ ਕੀਤਾ। ਇਥੇ ਰਹਿੰਦੇ ਹੋਇਆ ਲੋਕੀਂ, ਆਪ ਨੂੰ ਸਫੈਦ ਪੋਸ਼ੀ ਸਦਦੇ ਸਨ। ਅਜ ਕਲ ਇਸ ਅਸਥਾਨ ਨੂੰ ਸਿੱਧ ਭੋਇ ਨਾਮ ਨਾਲ ਜਾਣਿਆ ਜਾਂਦਾ ਹੈ। ਇਥੇ ਚੇਤ ਮਾਹ ਦੀ ਚੌਦਸ ਦਾ ਜੋੜ ਮੇਲਾ ਲੱਗਦਾ ਹੈ। ਉਨ੍ਹਾਂ ਦਿਨਾਂ ਵਿੱਚ ਅਚਾਨਕ ਹੀ ਜੁਝਾਰੂ ਸਿੰਘਾਂ ਦਾ ਇੱਕ ਜੱਥਾ ਝਿੜੀ ਕੋਲੋਂ ਲੰਘ ਰਿਹਾ ਸੀ। ਜੱਥੇ ਵਿਚੋਂ ਇੱਕ ਸਿੰਘ ਨੇ ਭਾਈ ਬਖਸ਼ੀਸ਼ ਸਿੰਘ ਨੂੰ ਪਛਾਣਿਆ ਕਿ ਇਹ ਤਾਂ ਰੁੜਕਾ ਕਲਾਂ ਵਾਲਾ ਸਿੰਘ ਹੈ। ਜੱਥੇ ਦੇ ਸਿੰਘਾਂ ਨੇ ਭਾਈ ਸਾਹਿਬ ਕੋਲ ਪਹੁੰਚ ਕੇ ਪੁੱਛਿਆ ਕਿ ਕੀ ਆਪ ਬਖਸ਼ੀਸ਼ ਸਿੰਘ ਰੁੜਕਾ ਕਲਾਂ ਵਾਲੇ ਹੋ। ਭਾਈ ਸਾਹਿਬ ਨੇ ਹਾਂ ਵਿੱਚ ਜਵਾਬ ਦਿੱਤਾ। ਉਸ ਸਮੇਂ ਜੱਥੇ ਦੇ ਮੁਖੀ ਸਿੰਘਾਂ ਨੇ ਭਾਈ ਸਾਹਿਬ ਨੂੰ ਕਿਹਾ ਕਿ ਇਸ ਸਮੇਂ ਕੌਮ ਤੇ ਮੁਸੀਬਤ ਬਣੀ ਹੋਈ ਹੈ ਸਿੰਘ ਜੀ ! ਇਹ ਸਮਾਂ ਜੰਗਲਾਂ ਵਿੱਚ ਬੈਠ ਕੇ ਤਪੱਸਿਆ ਕਰਨ ਦਾ ਨਹੀਂ ਸਗੋਂ ਸ੍ਰੀ ਸਾਹਿਬ ਫੜ੍ਹ ਕੇ ਦੁਸਮਣਾਂ ਨਾਲ ਜੂਝਣ ਦਾ ਵੇਲਾ ਹੈ। ਇਹ ਬਚਨ ਸੁਣ ਕੇ ਭਾਈ ਸਾਹਿਬ ਜੱਥੇ ਦੇ

ਸਿੰਘਾਂ ਵਿੱਚ ਸ਼ਾਮਲ ਹੋ ਗਏ ਅਤੇ ਕੌਮੀ ਸੰਘਰਸ਼ ਵਿੱਚ ਦੁਬਾਰਾ ਕੁਦ ਪਏ।

ਸਮਾਂ ਬਤੀਤ ਹੁੰਦਾ ਗਿਆ ਅਖੀਰ ੫ ਫਰਬਰੀ ਸੰਨ ੧੭੬੨ ਈ. ਦਾ ਦਿਨ ਆ ਗਿਆ ਜਦੋਂ ਸਿੰਘ ਪਰਿਵਾਰਾਂ ਸਮੇਤ ਮਾਲਵੇ ਵਲ ਨੂੰ ਕੂਚ ਕਰਦੇ ਹੋਏ ਪਿੰਡ ਕੁੱਪ-ਰਹੀੜਾ, ਨੇੜੇ ਮਲੇਰਕੋਟਲਾ ਇੱਕਤ੍ਰ ਹੋਏ ਹੋਏ ਸਨ। ਦੁਸ਼ਮਣ ਅਬਦਾਲੀ ਨੇ ਘੇਰਾ ਪਾ ਲਿਆ ਇਸ ਸਮੇਂ ਸਿੰਘਾਂ ਦੇ ਕਾਫਲੇ ਦੀ ਗਿਣਤੀ ਸੱਠ ਹਜਾਰ ਦੇ ਕਰੀਬ ਸੀ। ਜੈਨ ਖਾਂ, ਸਰਹੰਦ ਦੇ ਸੂਬੇਦਾਰ ਅਤੇ ਭੀਖਨ ਖਾਨ ਮਲੇਰਕੋਟੀਏ ਨਵਾਬ ਨੇ ਅਗੋਂ ਸਿੰਘਾਂ ਦਾ ਰਸਤਾ ਰੋਕ ਲਿਆ। ਸਿੰਘ ਆਪਣੇ ਟੱਬਰਾਂ, ਬਾਲ ਬੱਚਿਆਂ ਤੇ ਬਜੁਰਗਾਂ ਨੂੰ ਬਚਾਉਂਦੇ ਹੋਏ ਦੁਸ਼ਮਣ ਦਾ ਟਾਕਰਾ ਕਰਦੇ ਹੋਏ ਅਗੇ ਵਧਣਾ ਚਾਹੁੰਦੇ ਸਨ। ਪੂਰਾ ਦਿਨ ਘਮਸਾਨ ਦਾ ਜੰਗ ਹੋਇਆ। ਜਿਸ ਵਿੱਚ ਬੱਚਿਆਂ, ਬੀਬੀਆਂ ਤੇ ਬਜੁਰਗਾਂ ਦਾ ਕਤਲੇ ਆਮ ਹੋਇਆ। ਸ਼ਹੀਦਾਂ ਦੀ ਗਿਣਤੀ ਇਤਿਹਾਸਕਾਰਾਂ ਨੇ ਪੰਦਰਾ ਤੋਂ ਚਾਲੀ ਹਜਾਰ ਤੱਕ ਲਿਖੀ ਹੈ। ਭਾਈ ਬਖਸ਼ੀਸ਼ ਸਿੰਘ ਜੀ ਵੀ ਫੱਟੜ ਹੋ ਗਏ ਸਨ ਪਰ ਫਿਰ ਵੀ ਆਪ ਹਠੂਰ ਪਿੰਡ ਦੀ ਢਾਬ ਤੇ ਪਹੁੰਚ ਗਏ। ਇਹ ਵਾਰਤਾ ਭਾਈ ਹਰਮੇਲ ਸਿੰਘ ਜੋ ਕਿ ਮੁਕਤਸਰ ਸਾਹਿਬ ਤੋਂ ਸਨ ਤੇ ਭਾਈ ਬਖਸ਼ੀਸ਼ ਹੋਰਾਂ ਦੇ ਨਾਲ ਮਿਲ ਕੇ ਹਠੂਰ ਦੀ ਢਾਬ ਤੇ ਜੰਗ ਵਿੱਚ ਸ਼ਾਮਲ ਸਨ ਨੇ ਆਪਣੇ ਪਿੰਡ ਜਾ ਕੇ ਸੁਣਾਈ ਸੀ। ਇਹ ਗਾਥਾ ਸੀਨਾ ਬਸੀਨਾ ਚਲਦੀ ਰਹੀ ਅਤੇ ਸੰਤ ਕੁਲਦੀਪ ਸਿੰਘ ਨੇ ਪਿੰਡ ਜਾ ਕੇ ਸੁਣੀ ਅਤੇ ਕਲਮ ਬੰਦ ਕੀਤੀ। ਭਾਈ ਹਰਮੇਲ ਸਿੰਘ ਨੇ ਦੱਸਿਆ ਕਿ ਭਾਈ ਬਖਸ਼ੀਸ਼ ਸਿੰਘ ਮੇਰੇ ਸੱਜੇ ਪਾਸੇ ਹੋ ਕੇ ਜੂਝ ਰਹੇ ਸਨ। ਅਸੀਂ ਦੋਵੇਂ ਗੱਤਕੇ ਦਾ ਪੈਂਤੜਾ ਵਰਤਦੇ ਹੋਏ ਬਾਕੀ ਸਿੰਘਾਂ ਤੋਂ ਅਗੇ ਨਿਕਲ ਗਏ। ਸਾਡੇ ਉੱਤੇ ਤਿੰਨਾ ਪਾਸਿਆਂ ਤੋਂ ਵਾਰ ਹੋ ਰਹੇ ਸਨ। ਭਾਈ ਬਖਸ਼ੀਸ਼ ਸਿੰਘ ਦਾ ਘੋੜਾ ਚਾਰ-ਚੁਫੇਰੇ ਮਧਾਣੀ ਵਾਂਗ ਘੁੰਮ ਰਿਹਾ ਸੀ। ਆਲੇ ਦੁਆਲੇ ਸੈਂਕੜੇ ਦੁਰਾਨੀ ਵਾਰ ਤੇ ਵਾਰ ਕਰ ਰਹੇ ਸਨ ਤਾਂ ਜੋ ਭਾਈ ਬਖਸ਼ੀਸ਼ ਸਿੰਘ ਨੂੰ ਛੇਤੀ ਤੋਂ ਛੇਤੀ ਸ਼ਹੀਦ ਕੀਤਾ ਜਾ ਸਕੇ। ਭਾਈ ਬਖਸ਼ੀਸ਼ ਸਿੰਘ ਨੇ ਸੈਂਕੜੇ ਦੁਰਾਨੀਆਂ ਨੂੰ ਵਖਤ ਪਾਇਆ ਹੋਇਆ ਸੀ। ਸੈਂਕੜੇ ਲਾਸ਼ਾਂ ਧਰਤੀ ਤੇ ਵਿਛਾ ਦਿਤੀਆਂ ਸਨ। ਇਸ ਤਰ੍ਹਾਂ ਜੂਝਦਿਆਂ ਹੋਇਆ ਭਾਈ ਬਖਸ਼ੀਸ਼ ਸਿੰਘ ਜੀ ਦਾ ਇੱਕ ਸਾਂਝੇ ਵਾਰ ਵਿੱਚ ਸੀਸ ਕੱਟਿਆ ਗਿਆ। ਉਨ੍ਹਾਂ ਦਾ ਸੀਸ ਧੜ ਤੋਂ ਜੁਦਾ ਹੋ ਕੇ ਧਰਤੀ ਤੇ ਜਾ ਡਿੱਗਿਆ। ਸੀਸ ਕੱਟੇ ਜਾਣ ਤੋਂ ਬਾਅਦ ਵੀ ਆਪ ਦਾ ਧੜ ਘੋੜੇ ਉਤੇ ਅਡੋਲ ਟਿਕਿਆ ਹੋਇਆ ਸੀ। ਇਹ ਅਨੋਖਾ ਦ੍ਰਿਸ਼ ਦੇਖ ਕੇ ਦੁਰਾਨੀ ਡਰ ਕੇ ਭੱਜ ਗਏ। ਘੋੜਾ, ਭਾਈ ਸਾਹਿਬ ਦੇ ਧੜ ਸਮੇਤ ਜੰਗਲਾਂ ਵਣਾਂ ਵਿਚੋਂ ਲੰਘਦਾ ਹੋਇਆ ਹਿੰਮਤਪੁਰਾ (ਮੋਗਾ) ਦੇ ਪਿੰਡ, ਭਾਗੀ ਕੇ ਵਾਲੇ ਪਾਸੇ ਇੱਕ ਝਾੜੀਆਂ ਤੇ ਮੱਲ੍ਹਿਆਂ ਦੇ ਝੁੰਡ ਵਿੱਚ ਆਣ ਖਲੋਤਾ। ਪਿੰਡ ਵਿੱਚ ਸਿੱਖ ਪਰਿਵਾਰਾਂ ਨੂੰ ਪਤਾ ਲੱਗਾ ਕਿ ਜੰਗ ਵਿੱਚ ਸ਼ਹੀਦੀ ਪਾ ਚੁੱਕੇ ਇੱਕ ਸਿੰਘ ਦਾ ਧੜ ਲੈ ਕੇ ਘੋੜਾ ਸਾਡੇ ਪਿੰਡ ਦੇ ਲਾਗੇ

ਝਿੜੀ ਵਿੱਚ ਖਲੋਤਾ ਹੈ। ਪਿੰਡ ਹਿੰਮਤਪੁਰਾ ਵਾਸੀ ਸਿੱਖਾਂ ਜਾ ਕੇ ਇਸੇ ਥਾਂ ਤੇ ਅੰਗੀਠਾ ਤਿਆਰ ਕਰਕੇ ਭਾਈ ਬਖਸ਼ੀਸ਼ ਸਿੰਘ ਜੀ ਦਾ ਸਸਕਾਰ ਕੀਤਾ।

ਇਸ ਥਾਂ ਤੇ ਅੱਜ ਕਲ੍ਹ ਅੰਗੀਠਾ ਸਾਹਿਬ ਗੁਰਦੁਆਰਾ ਮਲ੍ਹੋ ਸ਼ਹੀਦ (ਹਿੰਮਤਪੁਰਾ ਭਾਗੀ ਕੇ) ਸੁਭਾਇਮਾਨ ਹੈ। ਮਲ੍ਹੋ ਤੋਂ ਭਾਵ ਹੈ ਮਲ੍ਹੇ (ਝਾੜੀਆਂ) ਜੋ ਉਸ ਵੇਲੇ ਇਥੇ ਝੁੰਡ ਰੂਪ ਵਿੱਚ ਖੜੀਆਂ ਸਨ। ਪਰ ਹੁਣ ਇਥੇ ਬੜੇ ਸੁੰਦਰ ਤੇ ਵਿਸ਼ਾਲ ਗੁਰਦੁਆਰਾ ਸਾਹਿਬ ਦੀ ਇਮਾਰਤ ਦਿਖਾਈ ਦਿੰਦੀ ਹੈ। ਸੰਗਤਾਂ ਦੇ ਆਰਾਮ ਵਾਸਤੇ ਰਿਹਾਇਸ਼ੀ ਕਮਰੇ ਹਨ ਤੇ ਲੰਗਰ ਹਾਲ ਬਣਿਆ ਹੋਇਆ ਹੈ। ਇਹ ਸਥਾਨ ਮੋਗਾ-ਬਰਨਾਲਾ ਸੜਕ ਉੱਤੇ ਪੈਂਦੇ ਪਿੰਡ ਹਿੰਮਤਪੁਰਾ ਦੀ ਡਰੇਨ (ਬਸ ਅੱਡਾ) ਤੋਂ ਨਿਹਾਲ ਸਿੰਘ ਵਾਲਾ ਜਾਣ ਵਾਲੀ ਸੜਕ ਉੱਤੇ ਪਿੰਡ ਭਾਗੀ ਕੇ ਤੋਂ ਥੋੜਾ ਪਹਿਲਾਂ ਖੱਬੇ ਹੱਥ ਹੈ। ਹਿੰਮਤਪੁਰਾ ਜ਼ਿਲ੍ਹਾ ਮੋਗਾ ਦੀ ਤਹਿਸੀਲ ਬਾਘਾ ਪੁਰਾਣਾ ਵਿੱਚ ਮੋਗੇ ਤੋਂ ੪੩ ਕਿ.ਮੀ. ਦੂਰੀ ਤੇ ਵਸਦਾ ਹੈ। ਗੁਰਦੁਆਰਾ ਮਲ੍ਹੋ ਸ਼ਹੀਦ ਵਿਖੇ ਹਰ ਸਾਲ ਵੱਡੇ ਘਲੂਘਾਰੇ ਦੀ ਯਾਦ ਵਿੱਚ ਮਹਾਨ ਸਮਾਗਮ ੪ ਜਨਵਰੀ ਤੋਂ ਲੈ ਕੇ ੧੩ ਫਰਬਰੀ ਤਕ ਹੁੰਦੇ ਹਨ। ਦੇਸਾਂ ਵਿਦੇਸ਼ਾਂ ਦੀਆਂ ਸੰਗਤਾਂ ਹਾਜਰੀ ਭਰ ਕੇ ਸ਼ਹੀਦਾਂ ਨੂੰ ਯਾਦ ਕਰਦੀਆਂ ਹਨ ਅਤੇ ਗੁਰੂ ਜਸ ਦਾ ਲਾਹਾ ਲੈਦੀਆਂ ਹਨ।

ਹਠੂਰ, ਤਹਿਸੀਲ ਜਗਰਾਉਂ, ਜਿਲ੍ਹਾ ਲੁਧਿਆਣਾ ਦਾ ਪ੍ਰਸਿੱਧ ਪਿੰਡ ਹੈ ਇਹ ਜਗਰਾਉਂ ਤੋਂ ੨੬ ਕਿ.ਮੀ. ਦੱਖਣ ਦਿਸ਼ਾ ਵਲ ਹੈ। ਇਸ ਪਿੰਡ ਦੀ ਢਾਬ ਜੋ ਉਸ ਵੇਲੇ ਹੁੰਦੀ ਸੀ ਉਤੇ ਹੀ ਜੂਝਦੇ ਹੋਏ ਭਾਈ ਬਖਸ਼ੀਸ਼ ਸਿੰਘ ਜੀ ਦਾ ਸੀਸ ਕੱਟਿਆ ਗਿਆ ਸੀ। ਇਹ ਅਸਥਾਨ ਪਿੰਡ ਹਠੂਰ ਤੋਂ ਅਚਰਵਾਲ ਜਾਣ ਵਾਲੀ ਸੜਕ ਤੇ ਪੈਂਦਾ ਹੈ। ਇਸ ਥਾਂ ਤੇ ਵੀ ਭਾਈ ਬਖਸ਼ੀਸ਼ ਸਿੰਘ ਦੀ ਯਾਦਗਾਰ ਸੁੰਦਰ ਗੁਰਦੁਆਰਾ ਉਸਾਰਿਆ ਗਿਆ ਹੈ।

ਭਾਈ ਬਖਸ਼ੀਸ਼ ਸਿੰਘ ਜੀ ਦੇ ਜਨਮ ਅਸਥਾਨ ਰੁੜਕਾ ਕਲਾਂ, ਜ਼ਿਲ੍ਹਾ ਜਲੰਧਰ ਵਿੱਚ ਵੀ ਸੁੰਦਰ ਗੁਰਦੁਆਰਾ ਸੁਭਾਇਮਾਨ ਹੈ। ਇਥੇ ੧੧ ਨਵੰਬਰ ਨੂੰ ਹਰੇਕ ਸਾਲ ਭਾਈ ਸਾਹਿਬ ਦਾ ਜਨਮ ਦਿਨ ਬੜੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਭਾਈ ਬਖਸ਼ੀਸ਼ ਸਿੰਘ ਜੀ ਸ਼ਾਇਦ ਸੀਸ ਕੱਟੇ ਜਾਣ ਦੇ ਵਾਵਜੂਦ ਵੀ ੫-੬ ਕਿ.ਮੀ. ਸਫਰ ਕਰਨ ਵਾਲੇ, ਬਾਬਾ ਦੀਪ ਸਿੰਘ ਜੀ ਤੋਂ ਬਾਅਦ ਦੂਸਰੇ ਸਿੰਘ ਸਨ। ਐਸੇ ਸਿਰਲੱਥ ਯੋਧਿਆਂ ਦੀ ਕਮਾਈ ਸਦਕਾ ਹੀ ਬਦੇਸ਼ੀ ਜਰਵਾਨਿਆਂ ਤੋਂ ਦੇਸ ਨੇ ਮੁਕਤੀ ਪਾਈ ਹੈ। ਅਜੋਕੇ ਸਿੱਖ ਨੌਜਵਾਨਾਂ ਨੂੰ ਭਾਈ ਬਖਸ਼ੀਸ਼ ਸਿੰਘ ਦਾ ਜੀਵਨ ਪੜ੍ਹ ਸੁਣ ਕੇ ਗੁਰੂ ਦੀ ਮੋਹਰ ਕੇਸਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਸੁੰਦਰ ਦਸਤਾਰਾਂ ਸਜਾਉਂਣੀਆਂ ਚਾਹੀਦੀਆਂ ਹਨ।

-o-o-o-

# ਕਲਿਜੁਗ ਕਾ ਧਰਮੁ ਕਹਹੁ ਤੁਮ ਭਾਈ ਕਿਵ ਛੂਟਹ ਹਮ ਛੁਟਕਾਕੀ ॥

-ਸ.ਬਲਿਹਾਰ ਸਿੰਘ, ਮੋ : 99881-20444

ਉਪਰੋਕਤ ਗੁਰਬਾਣੀ ਦੀ ਪਾਵਨ ਤੁਕ ਦੇ ਰਾਹੀਂ ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਹੇ ਭਾਈ ! ਮੈਨੂੰ ਇਹ ਦਸ:

੧. ਇਹ ਜੋ ਕਲਿਯੁਗ ਦਾ (ਮਾੜਾ) ਸਮਾਂ ਚਲ ਰਿਹਾ ਹੈ ਇਸ ਵਿੱਚ ਕਿਹੜਾ ਧਰਮ ਕਮਾਉਣਾ ਚਾਹੀਦਾ ਹੈ ਜਿਸ ਨਾਲ ਜੀਵ ਦਾ ਜੀਵਨ ਸਫਲ ਹੋ ਜਾਵੇ ।

੨. ਕਿਵੇਂ ਸੰਸਾਰ ਦੇ ਬੰਧਨਾਂ ਤੋਂ ਅਜਾਦ ਹੋਇਆ ਜਾ ਸਕਦਾ ਹੈ, ਮੈਂ ਬੰਧਨਾਂ ਤੋਂ ਛੁਟਕਾਰਾ ਪਾਉਣਾ ਚਾਹੁੰਦਾ ਹਾਂ।

ਦਾਸ ਇਨ੍ਹਾਂ ਪ੍ਰਸ਼ਨਾਂ ਦਾ ਗੁਰਬਾਣੀ ਦੇ ਅਧਾਰ ਤੇ ਵਿਚਾਰ ਕਰਨ ਦੀ ਨਿਮਾਣੀ ਜਿਹੀ ਕੋਸ਼ਿਸ਼ ਕਰ ਰਿਹਾ ਹੈ :

**ਚਾਰ ਯੁਗਾਂ ਦਾ ਕਰਮ ਧਰਮ :** ਸਮੇਂ ਦੇ ਪਰਵਾਹ ਨੂੰ ਚਾਰ ਯੁਗਾਂ ਵਿੱਚ ਵੰਡਿਆ ਗਿਆ ਹੈ-ਸਤਿਯੁਗ, ਤ੍ਰੇਤਾ, ਦੁਆਪਰ ਅਤੇ ਕਲਿਯੁਗ। ਧਾਰਮਿਕ ਪੁਸਤਕਾਂ ਅਨੁਸਾਰ ਹਰੇਕ ਯੁਗ ਵਿੱਚ ਆਪੋ ਆਪਣਾ ਕਰਮ ਧਰਮ ਹੀ ਪ੍ਰਵਾਨ ਹੈ। ਇਨ੍ਹਾਂ ਅਨੁਸਾਰ ਸਤਿਯੁਗ ਵਿੱਚ ਦਾਨ ਪੁੰਨ ਆਦਿਕ ਪ੍ਰਧਾਨ ਸਨ, ਤ੍ਰੇਤਾ ਯੁਗ ਵਿੱਚ ਜਗ ਕਰਨ, ਅਤੇ ਦੁਆਪਰ ਵਿੱਚ ਦੇਵਤਿਆਂ ਦੀ ਪੂਜਾ ਪ੍ਰਧਾਨ ਕਰਮ ਸਨ।

ਜੁਗਿ ਜੁਗਿ ਆਪੋ ਆਪਣਾ ਧਰਮੁ ਹੈ ਸੋਧਿ ਦੇਖਹੁ ਬੇਦ ਪੁਰਾਨਾ ॥(ਅੰਗ-੭੯੭)

ਸਤਜੁਗਿ ਸਤੁ ਤੇਤਾ ਜਗੀ ਦੁਆਪਰਿ ਪੂਜਾਚਾਰ ॥ (ਅੰਗ-੩੪੬)

ਹਰੇਕ ਯੁਗ ਵਿੱਚ ਮਨੁੱਖੀ ਜੀਵਨ ਦਾ ਇੱਕ ਉਦੇਸ਼ ਰਿਹਾ ਹੈ ਅਤੇ ਉਸ ਉਦੇਸ਼ ਦੀ ਪ੍ਰਾਪਤੀ ਵਾਸਤੇ ਇੱਕ ਸਾਧਨ ਦਾ ਪ੍ਰਯੋਗ ਕੀਤਾ ਜਾਂਦਾ ਹੈ। ਹਰੇਕ ਯੁਗ ਵਿੱਚ ਇਹ ਉਦੇਸ਼ ਅਤੇ ਉਸ ਦੀ ਪ੍ਰਾਪਤੀ ਦਾ ਸਾਧਨ ਬਦਲਦੇ ਰਹਿੰਦੇ ਹਨ ਜਿਵੇਂ ਸਤਿਯੁਗ ਦਾ ਨਾਮ ਹੀ ਸੰਕੇਤਕ ਹੈ ਅਤੇ ਸਾਨੂੰ ਦੱਸਦਾ ਹੈ ਕਿ ਸਤਿਯੁਗ ਦੇ ਲੋਕ ਸਤਿ ਦੇ ਧਾਰਨੀ ਸਨ। ਉਹ ਸੰਤੋਖੀ ਸਨ ਅਤੇ ਜੀਵਨ ਦੇ ਹਰ ਕਾਰਜ ਲਈ ਧਰਮ ਤੋਂ ਅਗਵਾਈ ਲੈਂਦੇ ਸਨ। ਉਨ੍ਹਾਂ ਦਾ ਬਹੁਤਾ ਜ਼ੋਰ ਮਾਇਆ ਦੀ ਪ੍ਰਾਪਤੀ ਦੀ ਬਜਾਇ ਧਰਮ ਤੇ ਪਰਮਾਰਥ ਉੱਤੇ ਸੀ।

ਸਤਜੁਗਿ ਰਥੁ ਸੰਤੋਖ ਕਾ ਧਰਮੁ ਅਗੈ ਰਥਵਾਹੁ ॥ (ਅੰਗ-੪੭੦)

ਧਰਮ ਦੇ ਚਾਰ ਪੈਰ ਮੰਨੇ ਗਏ ਹਨ : ਸਤਯ, ਤਪ, ਦਯਾ ਅਤੇ ਦਾਨ। ਸਤਿਯੁਗ ਵਿੱਚ ਧਰਮ ਦੇ ਇਹ ਚਾਰੇ ਪੈਰ ਕਾਇਮ ਸਨ :

ਸਤਜੁਗਿ ਸਭੁ ਸੰਤੋਖ ਸਰੀਰਾ ਪਗ ਚਾਰੇ ਧਰਮੁ ਧਿਆਨੁ ਜੀਉ ॥(ਅੰਗ-੪੪੫)

ਤ੍ਰੇਤੇ ਵਿੱਚ 'ਸਤਿ' ਦੀ ਥਾਂ 'ਜ਼ੋਰ' ਰੱਥਵਾਹੀ ਬਣ ਗਿਆ। ਲੋਕਾਂ ਦਾ ਧਿਆਨ ਸੂਰਬੀਰਤਾ ਵਲ ਹੋ ਗਿਆ। ਸਰੀਰਕ ਸ਼ਕਤੀ ਵਧਾਉਣ ਅਤੇ ਕਾਇਮ ਰੱਖਣ ਲਈ 'ਜਤ' ਭਾਵ ਇੰਦਰੀਆਂ ਨੂੰ ਵੱਸ ਵਿੱਚ ਕਰਨ ਉੱਤੇ ਜ਼ੋਰ ਦਿੱਤਾ ਜਾਣ ਲੱਗ ਪਿਆ।

ਤ੍ਰੇਤੈ ਰਥੁ ਜਤੈ ਕਾ ਜੋਰੁ ਅਗੈ ਰਥਵਾਹੁ ॥ (ਅੰਗ-੪੭੦)

ਤ੍ਰੇਤੇ ਵਿੱਚ ਧਰਮ ਦੇ ਤਿੰਨ ਪੈਰ ਰਹਿ ਗਏ ਭਾਵ ਧਰਮ ਤੇ ਸਚ ਦਾ ਜ਼ੋਰ ਘੱਟ ਗਿਆ। ਗੁਰੂ ਰਾਮਦਾਸ ਜੀ ਦੇ ਕਥਨ ਅਨੁਸਾਰ :

ਤੇਤਾ ਜੁਗੁ ਆਇਆ ਅੰਤਰਿ ਜੋਰੁ ਪਾਇਆ ਜਤੁ ਸੰਜਮ ਕਰਮ ਕਮਾਇ ਜੀਉ ॥
ਪਗੁ ਚਉਥਾ ਖਿਸਿਆ ਤ੍ਰੈ ਪਗ ਟਿਕਿਆ ਮਨਿ ਹਿਰਦੈ ਕ੍ਰੋਧੁ ਜਲਾਇ ਜੀਉ ॥
(ਅੰਗ-੪੪੫)

ਦੁਆਪਰ ਵਿੱਚ ਰੱਥ 'ਤਪ' ਦਾ ਅਤੇ ਰੱਥਵਾਨ 'ਸਤਿ' ਭਾਵ ਪੁੰਨ ਦਾਨ ਦਾ ਹੋ ਗਿਆ-ਪੁੰਨ ਦਾਨ, ਤੀਰਥ ਇਸ਼ਨਾਨ, ਵਰਤ ਅਤੇ ਅਨੇਕ ਪ੍ਰਕਾਰ ਦੇ ਹੱਠ ਕਰਮਾਂ ਨੂੰ ਪਹਿਲ ਦਿੱਤੀ ਜਾਣ ਲੱਗ ਪਈ।

ਦੁਆਪੁਰਿ ਰਥੁ ਤਪੈ ਕਾ ਸਤੁ ਅਗੈ ਰਥਵਾਹੁ ॥ (ਅੰਗ-੪੭੦)

ਦੁਆਪਰ ਵਿੱਚ ਧਰਮ ਦੇ ਦੋ ਪੈਰ ਰਹਿ ਗਏ ਭਾਵ 'ਸਤਿ', ਧਰਮ, ਖਿਮਾ, ਦਯਾ ਦੇ ਭਾਵ ਹੋਰ ਨਿਰਬਲ ਹੋ ਗਏ। ਲੋਕ ਦ੍ਵੈਤ-ਭਾਵ ਵਿੱਚ ਫੱਸ ਗਏ ਅਤੇ ਭਰਮਾਂ ਵਿੱਚ ਪੈ ਕੇ ਕੁਰਾਹੇ ਪੈ ਗਏ :

ਦੁਆਪੁਰਿ ਦੂਜੈ ਦੁਬਿਧਾ ਹੋਇ ॥ ਭਰਮਿ ਭੁਲਾਨੇ ਜਾਣਹਿ ਦੋਇ ॥
ਦੁਆਪੁਰਿ ਧਰਮਿ ਦੁਇ ਪੈਰ ਰਖਾਏ ॥ (ਅੰਗ-੮੮੦)

ਕਲਯੁਗ ਵਿੱਚ ਆਸ਼ਾ-ਤ੍ਰਿਸ਼ਨਾ ਦੀ ਅਗਨੀ ਲੋਕਾਂ ਵਿੱਚ ਪ੍ਰਚੰਡ ਹੋ ਗਈ ਅਤੇ ਵਿਸ਼ੇ ਵਿਕਾਰਾਂ ਦਾ ਜ਼ੋਰ ਵੱਧ ਗਿਆ। ਲੋਕਾਂ ਨੇ ਅਪਣੀਆਂ ਇਛਾਵਾਂ ਦੀ ਪੂਰਤੀ ਲਈ ਝੂਠ ਅਤੇ ਫਰੇਬ ਦੀ ਖੁਲ੍ਹੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ।

ਕਲਜੁਗਿ ਰਥੁ ਅਗਨਿ ਕਾ ਕੂੜੁ ਅਗੈ ਰਥਵਾਹੁ ॥੧॥ (ਅੰਗ-੪੭੦)

ਕਲਿਯੁਗ ਵਿੱਚ ਧਰਮ ਦਾ ਕੇਵਲ ਇੱਕ ਪੈਰ ਰਹਿ ਗਿਆ ਅਰਥਾਤ ਸੱਚ ਤੇ ਧਰਮ ਦਾ ਬਲ ਕੇਵਲ ਨਾਮ-ਮਾਤਰ ਹੀ ਹਰਿ ਗਿਆ :

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ
ਪਗੁ ਚਉਥਾ ਟਿਕੈ ਟਿਕਾਇ ਜੀਉ ॥ (ਅੰਗ-੪੪੬)

**ਕਲਯੁਗ ਵਿੱਚ ਜਗਤ ਵਰਤਾਰਾ :** ਇਸ ਕਲਯੁਗ ਦੇ ਸਮੇਂ ਜਗਤ ਵਿੱਚ ਵਰਤ ਰਹੇ ਵਰਤਾਰੇ ਦਾ ਭਾਈ ਸਾਹਿਬ ਗੁਰਦਾਸ ਜੀ ਨੇ ਵਾਰ ੧, ਪਉੜੀ ੩੦ ਵਿੱਚ ਬੜਾ ਸੁੰਦਰ ਵਰਨਣ ਕੀਤਾ ਹੈ। ਭਾਈ ਸਾਹਿਬ ਜੀ ਫੁਰਮਾਉਂਦੇ ਹਨ ਕਿ ਕਲਯੁਗ ਦੀ ਲੋਕਾਈ ਕੁੱਤੇ ਵਾਂਗ ਹਰ ਪਾਸੇ ਮੂੰਹ ਮਾਰਨ ਵਾਲੀ ਹੋ ਗਈ ਹੈ ਅਤੇ ਉਨ੍ਹਾਂ ਦਾ ਖਾਣ ਪੀਣ ਮੁਰਦਾਰ ਭਾਵ ਝੂਠ ਤੇ ਖੋਹਾਖਾਹੀ ਦੀ ਕਮਾਈ ਦਾ ਹੋ ਗਿਆ ਹੈ। ਰਾਜਾ ਭਾਵ ਹਾਕਮਾਂ ਦਾ ਧਰਮ ਨਿਆਂ ਕਰਨਾ ਸੀ ਪਰ ਉਹ ਅਨਿਆਂ ਕਰ ਰਹੇ ਹਨ ਇਉਂ ਸਮਝੋ ਕਿ ਜਿਹੜੀ ਵਾੜ ਖੇਤੀ ਦੀ ਰਾਖੀ ਕਰਨ ਲਈ ਸੀ ਉਹ ਉਲਟਾ ਖੇਤ ਨੂੰ ਹੀ ਖਾ ਰਹੀ ਹੈ। ਪਰਜਾ ਵੀ ਗਿਆਨ ਤੋਂ ਸੱਖਣੀ ਹੋਣ ਕਰਕੇ ਅੰਨ੍ਹੀਂ ਹੋ ਰਹੀ ਹੈ ਉਹ ਵੀ ਮੂੰਹ ਤੋਂ ਝੂਠ ਅਤੇ ਅਸੱਚ ਬੋਲਦੀ ਹੈ। ਨਾਮ ਧਰੀਕ ਗੁਰੂਆਂ ਦੀ ਅਜਿਹੀ ਦਸ਼ਾ ਹੈ ਕਿ ਚੇਲੇ ਸਾਜ ਵਜਾ ਰਹੇ ਹਨ ਅਤੇ ਗੁਰੂ ਕਈ ਪ੍ਰਕਾਰ ਨਾਲ ਨੱਚ ਰਹੇ ਹਨ (ਮਾਇਆ ਦੀ ਖ਼ਾਤਿਰ)। ਇਥੇ ਹੀ ਬਸ ਨਹੀਂ, ਸੇਵਕ ਤਾਂ ਆਪੋ ਆਪਣੇ ਘਰਾਂ ਵਿੱਚ ਬੈਠੇ ਹਨ, ਪਰ ਗੁਰੂ ਆਪ ਚੱਲ ਕੇ ਉਨ੍ਹਾਂ ਦੇ ਘਰੀਂ ਜਾਂਦੇ ਹਨ। ਨਿਆਂ ਕਰਨ ਵਾਲੇ ਕਾਜੀ ਵੱਢੀ ਖੋਰ ਹੋ ਗਏ ਹਨ ਅਤੇ ਰਿਸ਼ਵਤ ਲੈ ਕੇ ਪਰਾਇਆ ਹੱਕ ਗਵਾ ਦਿੰਦੇ ਹਨ। ਸਮਾਜ ਇਥੋਂ ਤੱਕ ਨਿਘਰ ਗਿਆ ਕਿ ਇਸਤਰੀ ਤੇ ਪੁਰਸ਼ ਦਾ ਸਬੰਧ ਕੇਵਲ ਪੈਸੇ ਤੱਕ ਹੀ ਸੀਮਤ ਰਹਿ ਗਿਆ ਹੈ, ਥਾਂ ਕੁਥਾਂ ਭਾਵ ਕਿਤੇ ਕੋਈ ਚਲਾ ਜਾਵੇ ਜਾਂ ਆ ਜਾਵੇ। ਇਸ ਪ੍ਰਕਾਰ ਕਲਯੁਗ ਅੰਦਰ ਸਾਰੇ ਜਗਤ ਵਿੱਚ ਪਾਪ ਦਾ ਵਰਤਾਰਾ ਹੋ ਰਿਹਾ ਹੈ।

ਕਲਿ ਆਈ ਕੁਤੇ ਮੁਹੀ ਖਾਜੁ ਹੋਇਆ ਮੁਰਦਾਰ ਗੁਸਾਈ।
ਰਾਜੇ ਪਾਪ ਕਮਾਂਵਦੇ ਉਲਟੀ ਵਾੜ ਖੇਤ ਕਉ ਖਾਈ।
ਪਰਜਾ ਅੰਧੀ ਗਿਆਨ ਬਿਨੁ ਕੂੜ ਕੁਸਤੁ ਮੁਖਹੁ ਆਲਾਹੀ।
ਚੇਲੇ ਸਾਜ ਵਜਾਇਦੇ ਨਚਨਿ ਗੁਰੂ ਬਹੁਤੁ ਬਿਧਿ ਭਾਈ।
ਚੇਲੇ ਬੈਠਨਿ ਘਰਾਂ ਵਿਚਿ ਗੁਰਿ ਉਠਿ ਘਰੀਂ ਤਿਨਾੜੇ ਜਾਈ।
ਕਾਜੀ ਹੋਏ ਰਿਸਵਤੀ ਵਢੀ ਲੈ ਕੈ ਹਕੁ ਗਵਾਈ।
ਇਸਤ੍ਰੀ ਪੁਰਖੈ ਦਾਮਿ ਹਿਤੁ ਭਾਵੇ ਆਇ ਕਿਥਾਊਂ ਜਾਈ।
ਵਰਤਿਆ ਪਾਪੁ ਸਭਸਿ ਜਗਿ ਮਾਂਹਿ ।੩੦।

**ਕਲਯੁਗ ਦਾ ਕਰਮ ਧਰਮ :** ਜਿਵੇਂ ਪਹਿਲਾਂ ਬਿਆਨ ਕਰ ਆਏ ਹਾਂ ਹਰ ਇੱਕ ਜੁਗ ਵਿੱਚ ਪ੍ਰਭੂ ਪ੍ਰਾਪਤੀ ਲਈ ਵੱਖਰੇ ਵੱਖਰੇ ਸਾਧਨ ਜਾਂ ਕਰਮ ਅਪਨਾਏ ਜਾਂਦੇ ਰਹੇ ਹਨ। ਇਹ ਕਰਮ ਧਰਮ ਮਨੁੱਖਾਂ ਦੇ ਮਨਾਂ ਵਿੱਚ ਇਤਨਾ ਰਸ ਧੱਸ ਗਏ ਕਿ ਕਲਯੁਗ ਵਿੱਚ ਵੀ ਇਹੀ ਕਰਮ ਮਨੁੱਖਾਂ ਦੇ ਧਰਮ ਦਾ ਮੁੱਖ ਸਾਧਨ ਬਣੇ ਹੋਏ ਹਨ। ਤੀਰਥ ਯਾਤਰਾ, ਤੀਰਥ

ਇਸ਼ਨਾਨ, ਪੁੰਨ-ਦਾਨ, ਜੱਪ-ਤਪ, ਸੰਜਮ, ਵਰਤ ਆਦਿ ਕਰਮਾਂ ਦਾ ਕਲਯੁਗ ਵਿੱਚ ਬਹੁਤ ਪ੍ਰਭਾਵ ਵੇਖਿਆ ਜਾ ਸਕਦਾ ਹੈ। ਪਰੰਤੂ ਗੁਰਬਾਣੀ ਅਨੁਸਾਰ ਕਲਯੁਗ ਵਿੱਚ ਇਨ੍ਹਾਂ ਕਰਮ ਸਾਧਨਾਂ ਦੁਆਰਾ ਪ੍ਰਭੂ ਪ੍ਰਾਪਤੀ ਨਹੀਂ ਹੋ ਸਕਦੀ, ਇਸ ਯੁੱਗ ਵਿੱਚ ਤਾਂ ਕੇਵਲ ਪ੍ਰਭੂ-ਨਾਮ ਹੀ ਪ੍ਰਧਾਨ ਸਾਧਨ ਹੈ। ਚਹੁੰ ਯੁਗਾਂ ਦੇ ਕਰਮ ਧਰਮ ਦਾ ਇਹ ਸਿੱਟਾ ਨਿਕਲਦਾ ਹੈ ਕਿ ਸਾਰੇ ਮਨੁੱਖਾਂ ਵਾਸਤੇ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਾਰੇ ਸੁੱਖਾਂ ਦਾ ਖ਼ਜ਼ਾਨਾ ਹੈ। ਸਤਯੁਗ, ਤ੍ਰੇਤਾ, ਦੁਆਪਰ-ਉਨ੍ਹਾਂ ਯੁਗਾਂ ਵਿੱਚ ਬ੍ਰਹਮਚਰਜ, ਨੇਮ ਤੇ ਤੀਰਥ ਇਸ਼ਨਾਨ ਦਾ ਜ਼ੋਰ ਸੀ ਪਰੰਤੂ ਕਲਯੁਗ ਵਿੱਚ ਪ੍ਰਮਾਤਮਾ ਦਾ ਭਜਨ ਕੀਰਤਨ ਅਤੇ ਨਾਮ ਸਿਮਰਨ ਹੀ ਅਸਲ ਧਰਮ ਹੈ।

ਚਹੁ ਜੁਗਾ ਕਾ ਹੁਣਿ ਨਿਬੇੜਾ ਨਰ ਮਨੁਖਾ ਨੋ ਏਕੁ ਨਿਧਾਨਾ ॥
ਜਤੁ ਸੰਜਮ ਤੀਰਥ ਓਨਾ ਜੁਗਾ ਕਾ ਧਰਮੁ ਹੈ ਕਲਿ ਮਹਿ ਕੀਰਤਿ ਹਰਿ ਨਾਮਾ ॥

ਰਾਗੁ ਸੂਹੀ ਅੰਦਰ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਨੁੱਖ ਮਾਤਰ ਉੱਤੇ ਬਖਸ਼ਿਸ਼ ਕਰਦੇ ਹੋਏ ਸਮਝਾਉਂਦੇ ਹਨ ਕਿ ਲੋਕ ਜੋ ਪਾਖੰਡ ਰੂਪ ਨੇਮ ਕਰਮ ਕਰਕੇ ਦਿਸਦੇ ਹਨ, ਉਨ੍ਹਾਂ ਕਰਮਾਂ ਨੂੰ ਅੰਤ ਸਮੇਂ ਮਸੂਲੀਆ ਜਮ ਲੁੱਟ ਲੈਂਦਾ ਹੈ ਭਾਵ ਉਨ੍ਹਾਂ ਦਾ ਕੋਈ ਫਲ ਨਹੀਂ ਮਿਲਦਾ। ਕੇਵਲ ਇੱਛਾ ਰਹਿਤ ਇੱਕ ਮਨ ਚਿਤ ਹੋ ਕੇ ਕਰਤਾਰ ਦਾ ਪਵਿੱਤਰ ਕੀਰਤਨ ਕਰਨਾ ਚਾਹੀਦਾ ਹੈ ਜਿਸ ਨਾਲ ਇੱਕ ਪਲ ਵਿੱਚ ਵਿਕਾਰਾਂ ਤੋਂ ਛੁਟਕਾਰਾ ਹੋ ਜਾਂਦਾ ਹੈ। ਹੇ ਸੱਜਣ ! ਸੰਸਾਰ ਸਮੁੰਦਰ ਤੋਂ ਪਾਰ ਉਤਰਿਆ ਜਾ ਸਕਦਾ ਹੈ-ਜੇ ਕੋਈ ਸੰਤਾਂ ਦੇ ਬਚਨਾਂ ਨੂੰ ਕਮਾਉਂਦਾ ਹੈ, ਗੁਰੂ ਦੀ ਮਿਹਰ ਸਦਕਾ ਉਹ ਤਰ ਜਾਂਦਾ ਹੈ। ਬੇਸ਼ਕ ਕਰੋੜਾਂ ਤੀਰਥਾਂ ਉੱਤੇ ਇਸ਼ਨਾਨ ਕਰੀਏ ਪਰ ਇਸ ਕਲਯੁਗ ਵਿੱਚ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਹੀ ਰਹਿੰਦਾ ਹੈ। ਪਰੰਤੂ ਜਿਹੜਾ ਮਨੁੱਖ ਸਾਧ ਸੰਗਤ ਵਿੱਚ ਨਿਰੰਕਾਰ ਦੇ ਗੁਣ ਗਾਉਂਦਾ ਹੈ ਉਹ ਪਵਿਤਰ ਜੀਵਨ ਵਾਲਾ ਬਣ ਜਾਂਦਾ ਹੈ। ਬੇਸ਼ੱਕ ਵੇਦਾਂ, ਕਤੇਬਾਂ, ਸਿਮਰਤੀਆਂ ਅਤੇ ਹੋਰ ਸਾਰੇ ਸ਼ਾਸਤਰਾਂ ਦਾ ਪਾਠ ਕੀਤਾ ਜਾਵੇ ਪਰ ਉਨ੍ਹਾਂ ਨਾਲ ਵਿਕਾਰਾਂ ਤੋਂ ਖਲਾਸੀ ਨਹੀਂ ਮਿਲਦੀ। ਪਰ ਜਿਹੜਾ ਮਨੁੱਖ ਗੁਰੂ ਦੇ ਮੰਤਰ ਦਾ ਜਾਪ ਕਰਦਾ ਹੈ ਉਸ ਦੀ ਪਵਿੱਤਰ ਜੀਵਨ ਮਰਯਾਦਾ ਬਣ ਜਾਂਦੀ ਹੈ। ਗੁਰੂ ਸਾਹਿਬ ਕਹਿੰਦੇ ਹਨ ਕਿ ਇਹ ਉਪਦੇਸ਼ ਚਹੁੰ ਵਰਨਾਂ ਦੇ ਲੋਕਾਂ ਵਾਸਤੇ ਸਰਬ ਸਾਂਝਾ ਹੈ। ਇਸ ਕਲਯੁਗ ਵਿੱਚ ਜਿਹੜਾ ਮਨੁੱਖ ਗੁਰੂ ਦੀ ਸ਼ਰਨ ਵਿੱਚ ਪੈ ਕੇ ਨਾਮ ਜਪਦਾ ਹੈ ਉਹ ਵਿਕਾਰਾਂ ਤੋਂ ਬੱਚ ਨਿਕਲਦਾ ਹੈ ਉਸ ਨੂੰ ਹਰੇਕ ਸਰੀਰ ਵਿੱਚ ਪ੍ਰਮਾਤਮਾ ਦੀ ਹੋਂਦ ਦੀ ਸਮਝ ਪੈ ਜਾਂਦੀ ਹੈ।

ਸੂਹੀ ਮਹਲਾ ੫ ॥ ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ ॥
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ ॥੧॥ ਸੰਤਹੁ
ਸਾਗਰੁ ਪਾਰਿ ਉਤਰੀਐ ॥ ਜੇ ਕੋ ਬਚਨੁ ਕਮਾਵੈ ਸੰਤਨ ਕਾ ਸੋ ਗੁਰ ਪਰਸਾਦੀ

ਤਰੀਐ ॥੧॥ ਰਹਾਉ ॥ ਕੋਟਿ ਤੀਰਥ ਮਜਨ ਇਸਨਾਨਾ ਇਸੁ ਕਲਿ ਮਹਿ ਮੈਲੁ ਭਰੀਜੈ ॥ ਸਾਧਸੰਗਿ ਜੋ ਹਰਿ ਗੁਣ ਗਾਵੈ ਸੋ ਨਿਰਮਲੁ ਕਰਿ ਲੀਜੈ ॥੨॥ ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ਹ ਪੜਿਆ ਮੁਕਤਿ ਨ ਹੋਈ ॥ ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ ॥੩॥ ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ ॥ ਗੁਰਮੁਖਿ ਨਾਮੁ ਜਪੈ ਉਧਰੈ ਸੋ ਕਲਿ ਮਹਿ ਘਟਿ ਘਟਿ ਨਾਨਕ ਮਾਝਾ ॥੪॥ (ਅੰਗ-੭੪੭)

ਪਰੰਤੂ ਕਲਯੁਗ ਦੇ ਜੀਵ ਅਜਬ ਭੁਲੇਖੇ ਵਿੱਚ ਪਏ ਹੋਏ ਹਨ ਕਿ ਕਰਮ ਧਰਮ ਕਰਕੇ ਮੁਕਤੀ ਮੰਗਦੇ ਹਨ ਪਰ ਮੁਕਤੀ ਕੇਵਲ ਪ੍ਰਮਾਤਮਾ ਦੀ ਸ਼ਲਾਘਾ ਕਰਦਿਆਂ ਹੀ ਮਿਲਦੀ ਹੈ। ਮਨੁੱਖ ਅਨੇਕ ਕਰਮ ਕਾਂਡ ਕਰਕੇ ਭਟਕਦਾ ਰਹਿੰਦਾ ਹੈ ਪਰ ਗੁਰੂ ਦੇ ਉਪਦੇਸ਼ ਤੋਂ ਬਿਨ੍ਹਾਂ ਸੰਸਾਰਿਕ ਬੰਧਨਾਂ ਤੋਂ ਮੁਕਤੀ ਹਾਸਲ ਨਹੀਂ ਹੋ ਸਕਦੀ।

ਕਰਮ ਧਰਮ ਕਰਿ ਮੁਕਤਿ ਮੰਗਾਹੀ ॥ ਮੁਕਤਿ ਪਦਾਰਥੁ ਸਬਦਿ ਸਲਾਹੀ ॥
ਬਿਨੁ ਗੁਰ ਸਬਦੈ ਮੁਕਤਿ ਨ ਹੋਈ ਪਰਪੰਚੁ ਕਰਿ ਭਰਮਾਈ ਹੇ ॥(ਅੰਗ-੧੦੨੪)

ਰਾਗੁ ਬਿਹਾਗੜੇ ਦੀ ਵਾਰ ਮਹਲਾ ੪ ਦੇ ਅੰਦਰ ਸਤਿਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਕਿ (ਨਾਮ ਵਿਹੂਣੇ ਹੋਣ ਕਰਕੇ) ਕਲਯੁਗ ਵਿੱਚ ਮਨੁੱਖ ਸ਼ੈਤਾਨ-ਭੂਤ ਦੇ ਰੂਪ ਵਿੱਚ ਪੈਦਾ ਹੋ ਰਹੇ ਹਨ। ਪੁੱਤਰ, ਭੂਤਨਾਂ (ਲੜਾਕਾ) ਹੈ, ਧੀ, ਭੂਤਨੀ (ਲੜਾਕੀ) ਹੈ ਤੇ ਵਹੁਟੀ, ਭੂਤਨਿਆਂ ਦੀ ਸਰਦਾਰ ਹੈ।

ਕਲੀ ਅੰਦਰਿ ਨਾਨਕਾ ਜਿੰਨਾਂ ਦਾ ਅਉਤਾਰੁ ॥
ਪੁਤੁ ਜਿਨੂਰਾ ਧੀਅ ਜਿੰਨੂਰੀ ਜੋਰੂ ਜਿੰਨਾ ਦਾ ਸਿਕਦਾਰੁ ॥੧॥ (ਅੰਗ-੫੫੬)

ਕਲਯੁਗ ਵਿੱਚ ਕਰਮ ਕਾਂਡੀ ਲੋਕ ਹੋਰ ਹੋਰ ਮਿਥੇ ਧਾਰਮਿਕ ਕਰਮ ਕਰਦੇ ਹਨ, ਉਨ੍ਹਾਂ ਦੇ ਉਹ ਕਰਮ ਪਰਮਾਤਮਾ ਦੀ ਹਜੂਰੀ ਵਿੱਚ ਪ੍ਰਵਾਨ ਨਹੀਂ ਹੁੰਦੇ ਕਿਉਂਕਿ ਇਹ ਕਲਯੁਗ ਦਾ ਸਮਾਂ ਨਾਮ ਸਿਮਰਨ ਤੋਂ ਬਿਨਾਂ ਹੋਰ ਕਰਮ ਕਰਨ ਦੀ ਰੁੱਤ ਨਹੀਂ ਹੈ। ਕਲਯੁਗ ਵਿੱਚ ਕੇਵਲ ਪ੍ਰਮਾਤਮਾ ਦਾ ਨਾਮ ਜਪਣਾ ਹੀ ਸਰਵ-ਸ੍ਰੇਸ਼ਟ ਕਰਮ ਹੈ। ਪ੍ਰਭੂ ਦੀ ਸ਼ਰਨ ਪੈ ਕੇ ਨਾਮ ਸਿਮਰਨ ਕਰਕੇ ਪ੍ਰਮਾਤਮਾ ਨਾਲ ਸਦਾ ਕਾਇਮ ਰਹਿਣ ਵਾਲਾ ਪਿਆਰ ਬਣ ਜਾਂਦਾ ਹੈ। ਜਿਸ ਮਨੁੱਖ ਨੇ ਗੁਰੂ ਦੀ ਸ਼ਰਨ ਪੈ ਕੇ ਪ੍ਰਮਾਤਮਾ ਦੇ ਨਾਮ ਵਿੱਚ ਚਿਤ ਜੋੜਿਆ ਉਸ ਨੇ ਆਪਣਾ ਤਨ ਤੇ ਮਨ ਖੋਜ ਕੇ ਹਿਰਦੇ ਘਰ ਵਿੱਚ ਹੀ ਪ੍ਰਭੂ ਨੂੰ ਲਭ ਲਿਆ। ਆਤਮਿਕ ਜੀਵਨ ਦੀ ਸੂਝ ਦੇਣ ਵਾਲਾ ਸੁਰਮਾਂ ਜਿਸ ਮਨੁੱਖ ਨੂੰ ਗੁਰੂ ਪਾਸੋਂ ਮਿਲ ਗਿਆ ਉਸ ਨੂੰ ਸਾਰੇ ਸੰਸਾਰ ਵਿੱਚ ਪ੍ਰਮਾਤਮਾ ਦਾ ਨਾਮ ਹੀ ਵਿਆਪਕ ਦਿਸਦਾ ਹੈ। ਇਸ ਪ੍ਰਕਾਰ ਕਲਯੁਗ ਕੇਵਲ ਹਰਿ ਨਾਮ ਸਿਮਰਨ ਦੀ ਹੀ ਰੁੱਤ ਹੈ, ਕਿਸੇ ਹੋਰ ਕਰਮ ਕਾਂਡ ਦੀ ਰੁੱਤ ਨਹੀਂ। ਇਸ ਲਈ ਗੁਰੂ ਦੀ ਸ਼ਰਨ ਪੈ ਕੇ ਅਪਣੇ ਹਿਰਦੇ ਅੰਦਰ ਪ੍ਰਮਾਤਮਾ ਦੇ ਨਾਮ ਦਾ ਬੀਜ ਬੀਜਣ ਦੀ

ਲੋੜ ਹੈ।

ਭੈਰਉ ਮਹਲਾ ੩ ॥ ਕਲਜੁਗ ਮਹਿ ਬਹੁ ਕਰਮ ਕਮਾਹਿ ॥ ਨਾ ਰੁਤਿ ਨ ਕਰਮ ਥਾਇ ਪਾਹਿ ॥੧॥ ਕਲਜੁਗ ਮਹਿ ਰਾਮ ਨਾਮੁ ਹੈ ਸਾਰੁ ॥ ਗੁਰਮੁਖਿ ਸਾਚਾ ਲਗੈ ਪਿਆਰੁ ॥੧॥ ਰਹਾਉ ॥ ਤਨੁ ਮਨੁ ਖੋਜਿ ਘਰੈ ਮਹਿ ਪਾਇਆ ॥ ਗੁਰਮੁਖਿ ਰਾਮ ਨਾਮਿ ਚਿਤੁ ਲਾਇਆ ॥੨॥ ਗਿਆਨ ਅੰਜਨੁ ਸਤਿਗੁਰ ਤੇ ਹੋਇ ॥ ਰਾਮ ਨਾਮੁ ਰਵਿ ਰਹਿਆ ਤਿਹੁ ਲੋਇ ॥੩॥ ਕਲਿਜੁਗ ਮਹਿ ਹਰਿ ਜੀਉ ਏਕੁ ਹੋਰ ਰੁਤਿ ਨ ਕਾਈ ॥ ਨਾਨਕ ਗੁਰਮੁਖਿ ਹਿਰਦੈ ਰਾਮ ਨਾਮੁ ਲੇਹੁ ਜਮਾਈ ॥੪॥(ਅੰਗ-੧੧੨੯)

ਇਸ ਸੰਬੰਧ ਵਿੱਚ ਰਾਗੁ ਬਸੰਤੁ ਅੰਦਰ ਸ੍ਰੀ ਗੁਰੂ ਅਰਜਨ ਦੇਵ ਜੀ ਜੀਵਾਂ ਨੂੰ ਸਮਝਾਉਂਦੇ ਹੋਏ ਕਹਿੰਦੇ ਹਨ ਕਿ ਹੇ ਭਾਈ ! ਹੁਣ ਕਲਯੁਗ ਆ ਗਿਆ ਹੈ, ਕੇਵਲ ਪ੍ਰਭੂ ਦਾ ਨਾਮ ਸਿਮਰਨ ਕਰੋ। ਮਨੁੱਖਾ ਜਨਮ ਤੋਂ ਇਲਾਵਾ ਕਿਸੇ ਹੋਰ ਸਮੇਂ (ਜੂਨ) ਵਿੱਚ ਸਿਮਰਨ ਨਹੀਂ ਹੋ ਸਕਦਾ। ਕਿਤੇ ਭੁਲੇਖੇ ਵਿੱਚ ਨਾ ਪੈ ਜਾਣ। ਜਿਸ ਦੇ ਨਸੀਬਾਂ ਵਿੱਚ ਲਿਖਿਆ ਹੁੰਦਾ ਹੈ, ਗੁਰੂ ਨੂੰ ਮਿਲ ਕੇ ਉਸ ਨੂੰ ਪ੍ਰਭੂ ਮਿਲਦਾ ਹੈ। ਇਹ ਅਜੋਕਾ ਸਮਾਂ ਪ੍ਰਭੂ ਦੇ ਸਿਮਰਨ ਦਾ ਹੈ, ਇਸ ਕਰਕੇ ਸਤਿਗੁਰੂ ਜੀ ਵੀ ਅਕਾਲ ਪੁਰਖ ਦੀਆਂ ਸਿਫਤਾਂ ਗਾਉਂਦੇ ਹਨ।

ਅਬ ਕਲੂ ਆਇਓ ਰੇ ॥ ਇਕੁ ਨਾਮੁ ਬੋਵਹੁ ਬੋਵਹੁ ॥ ਅਨ ਰੂਤਿ ਨਾਹੀ ਨਾਹੀ ॥ ਮਤੁ ਭਰਮਿ ਭੂਲਹੁ ਭੂਲਹੁ ॥ ਗੁਰ ਮਿਲੇ ਹਰਿ ਪਾਏ ॥ ਜਿਸੁ ਮਸਤਕਿ ਹੈ ਲੇਖਾ ॥ ਮਨ ਰੁਤਿ ਨਾਮ ਰੇ ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ ॥੨॥(ਅੰਗ-੧੧੮੫)

**ਕਲਯੁਗ ਦੀ ਵਡਿਆਈ :** ਚੌਹਾਂ ਜੁਗਾਂ ਵਿੱਚੋਂ ਕਲਯੁਗ ਹੀ ਕਾਲਾ ਭਾਵ ਦੁਖਦਾਈ ਸਮਾਂ ਮੰਨਿਆ ਜਾਂਦਾ ਹੈ, ਪਰੰਤੂ ਇਸ ਜੁਗ ਵਿੱਚ ਵੀ ਇੱਕ ਉਤਮ ਪਦਵੀ ਮਿਲ ਸਕਦੀ ਹੈ। ਉਹ ਪਦਵੀ ਹੈ ਕਿ ਜਿਨ੍ਹਾਂ ਦੇ ਭਾਗਾਂ ਵਿੱਚ ਪ੍ਰਭੂ ਲਿਖ ਦਿੰਦਾ ਹੈ ਉਹ ਗੁਰਮੁਖ ਬਣ ਕੇ ਪ੍ਰਭੂ ਦੀ ਸ਼ਲਾਘਾ, ਸਿਫਤ ਸਲਾਹ ਰੂਪੀ ਫਲ ਪਾ ਲੈਂਦੇ ਹਨ। ਗੁਰੂ ਦੀ ਕ੍ਰਿਪਾ ਨਾਲ ਅਜਿਹੇ ਭਗਤ ਜਨ ਪ੍ਰਭੂ ਦੀ ਭਗਤੀ ਕਰਦੇ ਹਨ ਅਤੇ ਭਗਤੀ ਵਿੱਚ ਹੀ ਲੀਨ ਹੋ ਜਾਂਦੇ ਹਨ।

ਚਹੁ ਜੁਗੀ ਕਲਿ ਕਾਲੀ ਕਾਂਢੀ ਇਕ ਉਤਮ ਪਦਵੀ ਇਸੁ ਜੁਗ ਮਾਹਿ ॥ ਗੁਰਮੁਖਿ ਹਰਿ ਕੀਰਤਿ ਫਲੁ ਪਾਈਐ ਜਿਨ ਕਉ ਹਰਿ ਲਿਖਿ ਪਾਹਿ ॥ ਨਾਨਕ ਗੁਰ ਪਰਸਾਦੀ ਅਨਦਿਨੁ ਭਗਤਿ ਹਰਿ ਉਚਰਹਿ ਹਰਿ ਭਗਤੀ ਮਾਹਿ ਸਮਾਹਿ ॥੨॥
(ਅੰਗ-੬੫੧)

ਕਲਯੁਗ ਦੀ ਵਡਿਆਈ ਇਸ ਵਿੱਚ ਵੀ ਹੈ ਕਿ ਪ੍ਰਮਾਤਮਾ ਨੇ ਇਹ ਜੁਗ ਗੁਰੂ ਸ਼ਬਦ ਦੀ ਕਮਾਈ ਵਾਸਤੇ ਬਣਾਇਆ ਹੈ। ਇਸ ਜੁਗ ਵਿੱਚ ਜਿਹੜਾ ਜੀਵ ਗੁਰ ਸ਼ਬਦ ਨੂੰ ਕਮਾਉਂਦਾ ਹੈ ਭਾਵ ਅਪਣਾ ਜੀਵਨ ਗੁਰੂ ਸ਼ਬਦ ਅਨੁਸਾਰ ਢਾਲਦਾ ਹੈ ਉਹ ਹਰਿ ਨਾਮ ਦੀ

ਦਵਾਈ ਪ੍ਰਾਪਤ ਕਰ ਲੈਂਦਾ ਹੈ, ਉਹ ਪ੍ਰਮਾਤਮਾ ਦੀ ਸਿਫਤ ਸਾਲਾਹ ਕਰਦਾ ਹੈ ਜਿਸ ਕਰਕੇ ਪ੍ਰਮਾਤਮਾ ਉਸ ਦੇ ਮਨ ਵਿੱਚ ਸ਼ਾਂਤੀ ਪੈਦਾ ਕਰ ਦਿੰਦਾ ਹੈ। ਉਸ ਨੂੰ ਸਮਝ ਪੈ ਜਾਂਦੀ ਹੈ ਕਿ ਇਹ ਮਨੁੱਖਾ ਜਨਮ ਦੀ ਰੁੱਤ ਪ੍ਰਮਾਤਮਾ ਦੀ ਸਿਫਤ ਸਾਲਾਹ ਵਾਸਤੇ ਮਿਲੀ ਹੈ ਜਿਸ ਨਾਲ ਮਨੁੱਖ ਨੂੰ ਲੋਕ ਤੇ ਪਰਲੋਕ ਵਿੱਚ ਆਦਰ ਮਾਣ ਮਿਲਦਾ ਹੈ। ਇਸ ਕਰਕੇ ਐਸਾ ਮਨੁੱਖ ਆਪਣੇ ਹਿਰਦੇ ਵਿੱਚ ਪ੍ਰਮਾਤਮਾ ਦੇ ਨਾਮ ਦੀ ਫਸਲ ਬੀਜਦਾ ਹੈ। ਪਰੰਤੂ ਕਲਯੁਗ ਵਿੱਚ ਜਿਹੜਾ ਮਨੁੱਖ ਪ੍ਰਮਾਤਮਾ ਦੇ ਨਾਮ ਦਾ ਬੀਜ ਨਹੀਂ ਬੀਜਦਾ ਭਾਵ ਪ੍ਰਭੂ ਦੀ ਭਜਨ ਬੰਦਗੀ ਨਹੀਂ ਕਰਦਾ ਉਹ ਮਨੁੱਖ ਜਨਮ ਦਾ ਸਾਰਾ ਲਾਭ ਤਾਂ ਗੰਵਾਉਂਦਾ ਹੀ ਹੈ, ਮੂਲ ਪੂੰਜੀ ਵੀ ਗਵਾ ਦਿੰਦਾ ਹੈ :

ਕਲਿਜੁਗੁ ਹਰਿ ਕੀਆ ਪਗ ਤ੍ਰੈ ਖਿਸਕੀਆ ਪਗੁ ਚਉਥਾ ਟਿਕੈ ਟਿਕਾਇ ਜੀਉ ॥ ਗੁਰ ਸਬਦੁ ਕਮਾਇਆ ਅਉਖਧੁ ਹਰਿ ਪਾਇਆ ਹਰਿ ਕੀਰਤਿ ਹਰਿ ਸਾਂਤਿ ਪਾਇ ਜੀਉ ॥ ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ ॥ ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ ॥ (ਅੰਗ-੪੪੬)

ਤਤਸਾਰ : ਸਾਰੀ ਵਿਚਾਰ ਦਾ ਤੱਤਸਾਰ ਇਹ ਨਿਕਲਦਾ ਹੈ ਕਿ ਕਲਯੁਗ ਦਾ ਕਰਮ ਧਰਮ ਕੇਵਲ ਨਾਮ ਜਪਣਾ ਹੀ ਹੈ, ਕੇਵਲ ਨਾਮ ਹੀ ਪ੍ਰਭੂ-ਮਿਲਾਪ ਦਾ ਉਤਮ ਸਾਧਨ ਹੈ। ਹੋਰ ਜੋ ਵੀ ਧਰਮ ਦੇ ਨਾਮ ਤੇ ਫੋਕਟ ਕਰਮ ਕੀਤੇ ਜਾਂਦੇ ਹਨ ਸਭ ਨਿਸਫਲ ਹਨ। ਪ੍ਰਮਾਤਮਾ ਦਾ ਨਾਮ ਹੀ ਕਲਯੁਗ ਵਿੱਚ ਸਰਬ ਸ੍ਰੇਸ਼ਟ ਪਦਾਰਥ ਹੈ, ਭਗਤ ਜਨ ਇਸ ਨਾਮ ਦੀ ਬਰਕਤ ਨਾਲ ਸੰਸਾਰ ਸਮੁੰਦਰ ਤੋਂ ਪਾਰ ਹੋ ਜਾਂਦੇ ਹਨ :

ਕਲਜੁਗਿ ਨਾਮੁ ਪ੍ਰਧਾਨੁ ਪਦਾਰਥੁ ਭਗਤ ਜਨਾ ਉਧਰੇ ॥ (ਅੰਗ-੯੯੫)

ਇਸ ਜੁਗ ਵਿੱਚ ਕੀਰਤਨ ਭਾਵ ਪ੍ਰਮਾਤਮਾ ਦੀ ਸਿਫਤ ਸਲਾਹ ਕਰਨੀ ਹੀ ਪ੍ਰਧਾਨ ਕਰਮ ਹੈ। ਗੁਰੂ ਦੀ ਸ਼ਰਨ ਪੈ ਕੇ ਸੁਰਤ ਜੋੜ ਕੇ ਪ੍ਰਮਾਤਮਾ ਦਾ ਨਾਮ ਜਪਣਾ ਚਾਹੀਦਾ ਹੈ। ਜੋ ਨਾਮ ਜਪਦਾ ਹੈ ਉਹ ਆਪ ਤਾਂ ਸੰਸਾਰ ਸਮੁੰਦਰ ਤੋਂ ਪਾਰ ਲੰਘ ਜਾਂਦਾ ਹੈ, ਅਪਣੀਆਂ ਸਾਰੀਆਂ ਕੁੱਲਾਂ ਨੂੰ ਵੀ ਪਾਰ ਲੰਘਾ ਲੈਂਦਾ ਹੈ ਅਤੇ ਪ੍ਰਮਾਤਮਾ ਦੀ ਹਜ਼ੂਰੀ ਵਿੱਚ ਇੱਜ਼ਤ ਨਾਲ ਜਾਂਦਾ ਹੈ।

ਕਲਜੁਗ ਮਹਿ ਕੀਰਤਨੁ ਪਰਧਾਨਾ ॥ ਗੁਰਮੁਖਿ ਜਪੀਐ ਲਾਇ ਧਿਆਨਾ ॥
ਆਪਿ ਤਰੈ ਸਗਲੇ ਕੁਲ ਤਾਰੇ ਹਰਿ ਦਰਗਹ ਪਤਿ ਸਿਉ ਜਾਇਦਾ ॥
(ਅੰਗ-੧੦੭੫)

-o-o-o-

# ਨਿਆਰਾ ਖਾਲਸਾ

ਵੱਖਰਾ ਰੂਪ ਦੇ ਕੇ ਦਸਮ ਪਾਤਸ਼ਾਹ ਨੇ ਸਾਜਿਆ, ਵੱਖਰਾ ਦੁਨੀਆਂ ਤੋਂ ਨਿਆਰਾ ਇਹ ਖਾਲਸਾ।
ਲੱਖਾਂ ਬੰਦਿਆਂ ਦੀ ਭੀੜ 'ਚ ਖੜਾ ਹੋਵੇ, ਆਪਣੇ ਰੂਪ ਤੋਂ ਪਹਿਚਾਣਿਆ ਜਾਏ ਇਹ ਖਾਲਸਾ।
ਦੇਸ਼ ਅਤੇ ਕੌਮ ਉੱਤੇ ਭੀੜ ਜਦੋਂ ਆ ਬਣੇ, ਨਿਤਰੇ ਮੈਦਾਨ 'ਚ ਤੇ ਡੱਟ ਜਾਏ ਇਹ ਖਾਲਸਾ।
ਜਿਹੜੇ ਰਸਤੇ ਦੁਨੀਆਂ ਲਈ ਦੁਸ਼ਵਾਰ ਹੁੰਦੇ, ਹੱਸ ਉਹਨਾਂ ਰਾਹਾਂ ਤੋਂ ਲੰਘ ਜਾਏ ਇਹ ਖਾਲਸਾ।

ਪੰਥਕ ਰਵਾਇਤਾਂ ਕਾਇਮ ਰੱਖਣ ਖ਼ਾਤਿਰ, ਬੰਦ-ਬੰਦ ਪਿਆ ਕਟਵਾਏ ਇਹ ਖਾਲਸਾ।
ਕੇਸ "ਗੁਰੂ ਦੀ ਮੋਹਰ" ਬਚਾਉਣ ਲਈ, ਹੱਸ-ਹੱਸ ਖੋਪਰ ਲੁਹਾਏ ਇਹ ਖਾਲਸਾ।
ਆਰਾ ਭਾਵੇਂ ਸਰੀਰ ਨੂੰ ਦੋਫ਼ਾੜ ਕਰੇ, "ਜਪੁ ਜੀ" ਨੂੰ ਗਾਉਂਦਾ ਜਾਵੇ ਇਹ ਖਾਲਸਾ।
ਆਹ ! ਬੀਬੀਆਂ ਦੇ ਗਲੀ ਬਚਿਆਂ ਦੇ ਟੋਟੇ, ਝੂਟੇ ਪਇਆ ਚਰੱਖੜੀ ਤੇ ਲੈਂਦਾ ਇਹ ਖਾਲਸਾ।

ਜਦੋਂ ਕਦੀ ਝਖੜ ਮੁਸੀਬਤਾਂ ਦੇ ਝੁੱਲ ਪੈਣ, ਉਨ੍ਹਾਂ ਨੂੰ ਪਛਾੜ ਕੇ ਲੰਘ ਜਾਏ ਖਾਲਸਾ।
ਘਰ-ਘਾਟ ਛੱਡ ਭੀੜ ਜਦੋਂ ਆ ਬਣੇ, ਘੋੜਿਆਂ ਦੀਆਂ ਕਾਠੀਆਂ ਘਰ ਬਣਾਏ ਖਾਲਸਾ।
ਹਰਿ ਮੰਦਰ ਦੀ ਪਵਿਤੱਰਤਾ ਨੂੰ ਜਦੋਂ ਕੋਈ ਭੰਗ ਕਰੇ, ਮੱਸੇ ਰੰਘੜ ਵਰਗਿਆਂ ਦੇ ਸਿਰ ਲਾਹੇ ਖਾਲਸਾ।
ਜਦੋਂ-ਜਦੋਂ ਜ਼ਾਲਮ ਏਸ ਤੇ ਕਾਬਜ਼ ਹੋਏ, ਸੀਸ ਰੱਖ ਤੱਲੀ, ਆਜ਼ਾਦ ਕਰਾਏ ਖਾਲਸਾ।

ਅਹਮਦ-ਸ਼ਾਹ ਅਬਦਾਲੀ ਦੇ ਦੰਦ ਖੱਟੇ ਕਰ, ਭਾਰਤ ਦੀ ਧਰਤੀ ਤੋਂ ਭਜਾਏ ਇਹ ਖਾਲਸਾ।
ਮੱਲਾਂ ਜਦੋਂ ਖਾਲਸੇ ਨੇ ਮਾਰੀਆਂ ਸੀ, ਕਿਲ੍ਹੇ ਜੰਮਰੌਦ ਉੱਤੇ ਨਿਸ਼ਾਨ ਝੁਲਾਏ ਇਹ ਖਾਲਸਾ।
ਲਹੂ ਭਿੱਜੇ ਪੰਨੇ ਇਤਿਹਾਸ ਦੇ ਨੇ ਦੱਸਦੇ, ਜੰਡ ਨਾਲ ਜਿਉਂਦਾ ਸੜ ਜਾਏ ਖਾਲਸਾ।
ਨਾਨਕ ਦੀ ਪੰਜੇ-ਵਾਲੀ ਧਰਤ ਉੱਤੇ, ਇੰਜਨਾਂ ਅੱਗੇ ਛਾਤੀਆਂ ਡਾਹੇ ਪਿਆ ਖਾਲਸਾ।

ਪੰਨੇ ਇਤਿਹਾਸ ਦੇ ਦੁਹਰਾਏ ਜਾਣ ਅੱਜ ਵੀ, ਜ਼ਾਲਮਾਂ ਨੂੰ ਗੋਲੀਆਂ ਦੇ ਨਿਸ਼ਾਨ ਬਣਾਏ ਖਾਲਸਾ।
'ਜਿੰਦਾ' ਅਤੇ 'ਸੁੱਖਾ' ਨੇ ਦਿੱਤੀਆਂ ਕੁਰਬਾਨੀਆਂ, ਹੱਸ-ਹੱਸ ਫਾਸੀਆਂ ਦੇ ਫੰਦੇ ਗਲੇ ਪਾਏ ਖਾਲਸਾ।
ਅਕਾਲ ਤਖਤ ਦੀਆਂ ਨੀਹਾਂ ਵਿੱਚ ਅੱਜ ਵੀ, ਲਹੂ-ਮਿੱਝ ਦਾ ਗਾਰਾ ਪਾਏ ਪਿਆ ਖਾਲਸਾ।
ਲੋਕੀਂ ਕੱਚੇ ਰੰਗ ਦੀਆਂ ਹੋਲੀਆਂ ਖੇਡਦੇ 'ਸੱਚਦੇਵਾ',
ਪੁਰੀ-ਅਨੰਦ ਦਾ ਹੋਲਾ ਮਨਾਏ ਪਿਆ ਖਾਲਸਾ।

-ਸ.ਹਰਜਿੰਦਰ ਸਿੰਘ, ਸਚਦੇਵਾ, ਮੋ : 98769-34244

**ਖਬਰਾਬਲੀ : ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਨੇ ਬਾਗ਼ਬਾਨੀ 'ਚ ਜਿੱਤਿਆ ਪਹਿਲਾ ਪੁਰਸਕਾਰ :** ਗਲਾਸਗੋ, ੨੪ ਫਰਵਰੀ : ਗਲਾਸਗੋ ਦੇ ਟਰੇਡਸ ਹਾਲ ਵਿਖੇ ਸਾਲ ੨੦੨੪ ਦੇ ਕਾਰਪੋਰੇਸ਼ਨ ਆਫ਼ ਗਲਾਸਗੋ ਦੇ ਗਾਰਡਨਰਜ਼ ਵਲੋਂ "ਗਲਾਸਗੋ ਨੂੰ ਫੁੱਲਦਾਰ ਬਣਾਈਏ" ਦੇ ੪੧ਵੇਂ ਪੁਰਸਕਾਰਾਂ ਦਾ ਆਯੋਜਨ ਕੀਤਾ ਗਿਆ। ਇਹ ਪੁਰਸਕਾਰ ਸ਼ਹਿਰ 'ਚ ਲਗਾਏ ਗਏ ਸ਼ਾਨਦਾਰ ਫੁੱਲਾਂ ਅਤੇ ਬਾਗਬਾਨੀ ਖੇਤਰ 'ਚ ਯੋਗਦਾਨ ਲਈ ਦਿੱਤੇ ਜਾਂਦੇ ਹਨ। ਇਸ ਸਾਲ ਦਾ ਪਹਿਲਾ ਪੁਰਸਕਾਰ (ਸੋਨ ਤਗਮਾ) ਗੁਰਦੁਆਰਾ ਗੁਰੂ ਗ੍ਰੰਥ ਸਾਹਿਬ ਗਲਾਸਗੋ ਦੀ ਫੁੱਲਵਾੜੀ ਨੇ ਪ੍ਰਾਪਤ ਕੀਤਾ। ਗੁਰਦੁਆਰਾ ਸਾਹਿਬ ਦੀ ਸ਼ਾਨਦਾਰ ਫੁੱਲਵਾੜੀ ਦਾ ਸਿਹਰਾ ਮੁੱਖ ਮਾਲੀ ਮਲਕੀਤ ਸਿੰਘ ਨੂੰ ਜਾਂਦਾ ਹੈ, ਜੋ ਪਿਛਲੇ ੬ ਸਾਲ ਤੋਂ ਗੁਰਦੁਆਰਾ ਸਾਹਿਬ 'ਚ ਬਾਗਵਾਨੀ ਕਰ ਰਹੇ ਹਨ। ਮਲਕੀਤ ਸਿੰਘ ਨੇ ਗੁਰਦੁਆਰਾ ਸਾਹਿਬ ਵਲੋਂ ਇਹ ਇਨਾਮ ਪ੍ਰਾਪਤ ਕੀਤਾ।

**ਪਾਕਿ 'ਚ ਸ੍ਰੀ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਨਾਲ ਸੰਬੰਧਿਤ ਯਾਦਗਾਰ 'ਡੰਪ-ਹਾਊਸ' 'ਚ ਤਬਦੀਲ :** ਅੰਮ੍ਰਿਤਸਰ, ੨੮ ਫਰਵਰੀ : ਪਾਕਿਸਥਾਨ 'ਚ ਜਿਥੇ ਇੱਕ ਪਾਸੇ ਤਿੰਨ ਸਾਲ ਪਹਿਲਾਂ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ੍ਰੀ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਨੂੰ ਸਮਰਪਿਤ ਗੁਰਦੁਆਰਾ ਜਨਮ ਅਸਥਾਨ 'ਚ ਕੌਮਾਂਤਰੀ ਪੱਧਰ ਤੇ ਸ਼ਤਾਬਦੀ ਮਨਾਈ ਗਈ, ਉਥੇ ਹੀ ਸ੍ਰੀ ਨਨਕਾਣਾ ਸਾਹਿਬ ਤੋਂ ਲਗਭਗ ੫੫ ਕਿਲੋਮੀਟਰ ਦੀ ਦੂਰੀ ਤੇ ਜ਼ਿਲਾ ਫੈਸਲਾਬਾਦ ਵਿਚਲੇ ਸਾਕੇ ਨਾਲ ਸੰਬੰਧਿਤ ਯਾਦਗਾਰ ਦੇ ਕੂੜਾ ਘਰ 'ਚ ਤਬਦੀਲ ਹੋਣ ਤੇ ਕਮੇਟੀ ਵਲੋਂ ਕੋਈ ਅਫ਼ਸੋਸ ਜ਼ਾਹਿਰ ਨਹੀਂ ਕੀਤਾ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਭੁਪਿੰਦਰ ਸਿੰਘ ਲਵਲੀ ਅਤੇ ਫੈਸਲਾਬਾਦ ਦੇ ਵਕਾਸ ਅਹਿਮ ਗਰੇਵਾਲ ਮੁਤਾਬਿਕ ਫੈਸਲਾਬਾਦ (ਪੁਰਾਣਾ ਨਾਂਅ ਲਾਇਲਪੁਰ) ਦੇ ੨੦੪ ਆਰ.ਬੀ.ਚੱਕ 'ਚ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਇਮਾਰਤ ਅੱਜ ਵੀ ਮੌਜੂਦ ਹੈ ਪਰ ਕਬਜ਼ਾਧਾਰੀਆਂ ਵਲੋਂ ਇਸ ਦੇ ਮੁੱਖ ਦਰਵਾਜੇ ਤੋਂ ਇਲਾਵਾ ਬਾਕੀ ਸਭ ਖਿੜਕੀਆਂ ਝਰੋਖੇ ਪੱਕੇ ਤੌਰ ਤੇ ਬੰਦ ਕਰ ਦਿੱਤੇ ਗਏ ਹਨ। ਇਸ ਦੇ ਅੰਦਰ ਬਾਹਰ ਕੰਧਾਂ ਤੇ ਉੱਕਰੀ ਪਵਿੱਤਰ ਗੁਰਬਾਣੀ ਦੀਆਂ ਪੰਕਤੀਆਂ ਅੱਜ ਵੀ ਆਸਾਨੀ ਨਾਲ ਪੜ੍ਹੀਆਂ ਜਾ ਸਕਦੀਆਂ ਹਨ।

**ਗੁਰਦੁਆਰਾ ਚੋਣਾਂ ਵਾਸਤੇ ਵੋਟਾਂ ਬਣਾਉਣ ਸੰਬੰਧੀ ਫਾਰਮ ਭਰਮ ਦੀ ਅੰਤਿਮ ਤਰੀਕ ਹੁਣ ੩੦ ਅਪ੍ਰੈਲ ੨੦੨੪ :** ਐਸ.ਏ.ਐਸ.ਨਗਰ, ੨੯ ਫਰਵਰੀ : ਮੁੱਖ ਕਮਿਸ਼ਨਰ ਗੁਰਦੁਆਰਾ ਗੁਰਦੁਆਰਾ ਚੋਣਾਂ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਸਿੱਖ ਗੁਰਦੁਆਰਾ ਬੋਰਡ ਚੋਣ ਨਿਯਮ ੧੯੫੯ ਦੇ ਨਿਯਮ ੬ ਤੋਂ ੧੨ ਅਨੁਸਾਰ ਵੋਟਰ ਸੂਚੀਆਂ ਦੀਆਂ ਤਿਆਰੀ ਸੰਬੰਧੀ ਜਾਰੀ ਪ੍ਰੋਗਰਾਮ ਅਨੁਸਾਰ ੨੧ ਅਕਤੂਬਰ ੨੦੨੩ ਤੋਂ ਗੁਰਦੁਆਰਾ ਚੋਣਾਂ ਲਈ ਵੋਟਾਂ ਦੇ ਫਾਰਮ ਭਰੇ ਜਾ ਰਹੇ ਹਨ। ਪਹਿਲਾਂ ਵੋਟਾਂ ਦੇ ਲਈ ਫਾਰਮ ਭਰਨ ਦੀ ਅੰਤਿਮ ਤਰੀਕ ੨੯ ਫਰਵਰੀ ੨੦੨੪ ਤੈਅ ਕੀਤੀ ਗਈ ਸੀ ਪਰ ਹੁਣ ਇਸ ਤਰੀਕ 'ਚ ੩੦ ਅਪ੍ਰੈਲ ੨੦੨੪ ਤੱਕ ਵਾਧਾ ਕੀਤਾ ਗਿਆ ਹੈ, ਲਿਹਾਜ਼ਾ ਜਿਨ੍ਹਾਂ ਯੋਗ ਵੋਟਰਾਂ ਨੇ ਹੁਣ ਤੱਕ ਵੋਟਾਂ ਲਈ ਫਾਰਮ ਨਹੀਂ ਭਰੇ, ਉਹ ਆਪਣੇ ਫਾਰਮ ੩੦ ਅਪ੍ਰੈਲ ੨੦੨੪ ਤੱਕ ਰਿਵਾਈਜਿੰਗ ਅਥਾਰਟੀ ਅਫ਼ਸਰਾਂ ਕੋਲ ਜਾ ਕੇ ਭਰ ਸਕਦੇ ਹਨ।

('ਰੋਜਾਨਾ ਅਜੀਤ' ਵਿਚੋਂ ਧੰਨਵਾਦ ਸਹਿਤ)

# ਸੰਸਥਾ ਦੇ ਕਾਰਜਾਂ ਲਈ ਸੰਗਤਾਂ ਵਲੋਂ ਫਰਵਰੀ-2024 ਵਿੱਚ ਆਈ ਸਹਾਇਤਾ।

**ਜਨਰਲ** : ਸ.ਬਲਦੇਵ ਸਿੰਘ ੧੦੦੦/-, ਸ.ਤੇਜਵੰਤ ਸਿੰਘ ੫੦੦/-, ਸ.ਸਵਰਨ ਸਿੰਘ ੨੦੦੦/-, ਬੀਬੀ ਜਸਭਿੰਦਰ ਕੌਰ ੫੦੦੦/-, ਸ.ਸ਼ਮਸ਼ੇਰ ਸਿੰਘ ੧੧੦੦/-, ਸ.ਜਸਵਿੰਦਰ ਸਿੰਘ ੫੦੦/-, ਸ.ਹਰਿੰਦਰ ਸਿੰਘ ੬੦੦/-, ਗੁਪਤ ੩੦/-, ਬੀਬੀ ਕੰਵਲਜੀਤ ਕੌਰ ੧੬੦੦/-, ਗੁਪਤ ੧੦੦/-, ਸ.ਸ਼ੇਰ ਸਿੰਘ ੫੦੦/-, ਸ.ਕੁਲਦੀਪ ਸਿੰਘ ੫੦੦/-, ਸ.ਬਲਵਿੰਦਰ ਸਿੰਘ ੧੦੦੦/-, ਸ.ਰਜਿੰਦਰ ਸਿੰਘ ੫੦੦/-, ਸ.ਜਸਵੀਰ ਸਿੰਘ ੨੦੦/-, ਗੁਪਤ ੬੦੦/-, ਸ.ਕਰਨੈਲ ਸਿੰਘ ੧੦੦੦/-, ਸ੍ਰੀ.ਬੀ.ਕੇ.ਫੈਸਨ ੧੦੦/-, ਸ.ਹਾਕਮ ਸਿੰਘ ੨੦੦/-, ਸ.ਮਾਨ ਸਿੰਘ ੧੦੦/-, ਸ.ਬਲਵਿੰਦਰ ਸਿੰਘ ੧੦੦/-, ਸ.ਸਾਧੂ ਸਿੰਘ ੨੦੦/-, ਗੁਪਤ ੫੦੦+੧੦੦+੫੦/-, ਸ.ਸਰਬਜੀਤ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-, ਸ.ਜੋਗਿੰਦਰ ਸਿੰਘ ੨੫੦/-, ਗੁਪਤ ੧੦੦/-, ਸ.ਦਲਜੀਤ ਸਿੰਘ ੧੦੦/-, ਸ.ਹਰਬੰਸ ਸਿੰਘ ੧੦੦/-, ਗੁਪਤ ੨੧੦੦+੧੦੦/-, ਸ.ਜਗਤੇਸ਼ਵਰ ਸਿੰਘ ੫੦੦/-, ਸ.ਲੱਖਾ ਸਿੰਘ ੫੦੦/-, ਬੀਬੀ ਜਸਵੀਰ ਕੌਰ ੫੦੦/-, ਸ.ਮਹਿੰਦਰ ਸਿੰਘ ੨੦੦੦/-, ਸ.ਗੁਲਜਾਰ ਸਿੰਘ ੧੦੦੦/-, ਬੀਬੀ ਇੰਦਰਜੀਤ ਕੌਰ ੫੧੦੦/-, ਸ.ਅਰਜਨ ਸਿੰਘ ੨੦੦/-, ਸ.ਕੰਵਲਜੀਤ ਸਿੰਘ ੪੦੦੦/-, ਸ.ਗੁਰਬਚਨ ਸਿੰਘ ੧੦੦੦/-, ਸ.ਸੁਰਜੀਤ ਸਿੰਘ ੫੦੦੦/-, ਡਾ.ਪਰਮਜੀਤ ਸਿੰਘ ੫੦੦/-, ਗੁਪਤ ੧੦/-, ਸ.ਤੇਜਵੰਤ ਸਿੰਘ ੫੦੦/-, ਸ.ਸੁਖਬੰਸ ਸਿੰਘ ੫੦੦/-, **ਆਨਲਾਇਨ** : ਸ.ਰਣਧੀਰ ਸਿੰਘ ੫੦੦/-, ਸ.ਤਲਵਿੰਦਰ ਸਿੰਘ ੧੦੦੦/-, ਸ.ਰਣਜੀਤ ਸਿੰਘ ੧੦੧/-, ਸ.ਜੁਗਰਾਜ ਸਿੰਘ ੫੦੦/-, ਸ.ਰਣਜੀਤ ਸਿੰਘ ੪੦੦/-, ਸ.ਭੁਪਿੰਦਰ ਸਿੰਘ ੧੬੦੦/-, ਸ.ਲਾਜਵੰਤ ਸਿੰਘ ੨੦੦/-, ਸ.ਕੁਲਵਿੰਦਰ ਸਿੰਘ ੫੧੩/-, ਸ.ਤਲਵਿੰਦਰ ਸਿੰਘ ੫੦੦/-, ਪਾਇਨੀਅਰ ਇਲੈਕਟ੍ਰੀਕਲ ੨੫੧/-, ਸ.ਵਰਿੰਦਰ ਸਿੰਘ ੩੦੦/-, ਸ.ਨਰਿੰਦਰਬੀਰ ਸਿੰਘ ੫੦੦/-, ਗੁਪਤ ੫੧੦੦/-, ਮਿਸ.ਨਵਜੋਤ ਕੌਰ ੧੦੦੦/-, ਗੁਪਤ ੧੫੦੦/-, ਸ੍ਰੀ.ਹੇਮੰਤ ਤੋਲਾਨੀ ੫੦੦/-, ਸ੍ਰੀ ਸਚਿਨ ਜੀ ੮੫੦/-, ਬੀਬੀ ਪ੍ਰਨੀਤ ਕੌਰ ੩੦੦੦/-, ਬੀਬੀ ਪ੍ਰਵੀਨ ਕੌਰ ੧੦੦੦/-, **ਸ.ਸੁਰਿੰਦਰ ਸਿੰਘ ਜੀਰਕਪੁਰ ਰਾਹੀਂ** : ਸ.ਪਰਮਿੰਦਰ ਸਿੰਘ ੧੦੦/-, ਸ.ਕੁਲਬੀਰ ਸਿੰਘ ੧੦੧/-, ਸ.ਪਰਵਿੰਦਰ ਸਿੰਘ ੧੦੦/-, ਸ.ਹਰਭਜਨ ਸਿੰਘ ੫੦੦/-, ਸ.ਬਲਬੀਰ ਸਿੰਘ ੧੦੦/-, ਸ.ਕਰਮ ਸਿੰਘ ੧੦੦/-, ਸ.ਗੁਰਦੇਵ ਸਿੰਘ ੧੦੦/-, ਸ.ਦਰਸ਼ਨ ਸਿੰਘ ੨੦੦/-, **ਗੁਰਦੁਆਰਾ ਭਗਤ ਸੰਤ ਨਾਮ ਦੇਵ ਜੀ ਕੇਸਰੀ ਸਿੰਘ ਪੁਰਾ, ਰਾਜਸਥਾਨ** : ਸ.ਜੋਗਿੰਦਰ ਸਿੰਘ ੧੦੦/-, ਸ.ਮਦਨ ਸਿੰਘ ੧੦੦/-, ਸ.ਜੋਗਿੰਦਰ ਸਿੰਘ ੧੦੦/-, ਸ.ਪ੍ਰੀਤਮ ਸਿੰਘ ੧੦੦/-, ਸ.ਬਲਜੀਤ ਸਿੰਘ ੫੦/-, ਸ.ਨਿਰੰਜਨ ਸਿੰਘ ੫੦/-, ਸ.ਸੁਖਦੇਵ ਸਿੰਘ ੫੦/-, ਸ.ਗੁਰਚਰਨ ਸਿੰਘ ੫੦/-, ਸ.ਜਸਵੰਤ ਸਿੰਘ ੫੦/-, ਸ.ਜਰਨੈਲ ਸਿੰਘ ੫੦/-, ਸ.ਕਰਨੈਲ ਸਿੰਘ ੫੦/-, ਸ.ਭਜਨ ਸਿੰਘ ੫੦/-, ਸ.ਰਾਮ ਸਿੰਘ ੫੦/-, ਸ.ਜਤਨ ਸਿੰਘ ੫੦/-, **ਚੋਗਾਵਾਂ ਦੀ ਸੰਗਤ ਵੱਲੋਂ (ਅੰਮ੍ਰਿਤਸਰ ਸਾਹਿਬ)** : ਫੌਜੀ ਹਾਰਡਵੇਅਰ ਸਟੋਰ ੧੦੦/-, ਸ.ਬਲਬੀਰ ਸਿੰਘ ੫੦/-, ਬਾਬੂ ਜੀ ੪੦/-, ਡਾ.ਜਗਨ ਨਾਥ ੨੦/-, ਸ.ਭੋਲਾ ਸਿੰਘ ੨੦/-, ਸ.ਗੁਰਸ਼ਰਨ ਟੇਲਰਜ਼ ੨੦/-, ਭਾਟੀਆ ਗਰਮੈਂਟਸ ੨੦/-, ਸ.ਜਸਬੀਰ ਸਿੰਘ ੧੦/-, ਖਾਲਸਾ ਜਨਰਲ ਸਟੋਰ ੨੦/-, **ਸਟਾਲ ਗੁਰਦੁਆਰਾ ਅੰਬ ਸਾਹਿਬ** : ਸ.ਗਿਆਨ ਸਿੰਘ ੫੦/-, ਸ.ਇੰਦਰਪਾਲ ਸਿੰਘ ੫੦੦/-, ਸ.ਅਮਰੀਕ ਸਿੰਘ ੨੦੦/-, ਬੀਬੀ ਜੀਤਪਾਲ ਕੌਰ ੧੦੦/-, ਗੁਪਤ ੨੦/-, ਗੁਪਤ ੫੦੦/-, ਬੀਬੀ ਮਹਿੰਦਰ ਕੌਰ ੨੦੦/-, ਬੀਬੀ ਪ੍ਰੇਮ ਕੌਰ ੨੦੦/-, ਸ.ਅਵਤਾਰ ਸਿੰਘ ੫੦੦/-, ਸ.ਰਾਜਿੰਦਰ ਸਿੰਘ ੫੦੦/-, ਸ.ਗੁਹਰੀਨ ਕੌਰ ੫੦/-, ਗੁਪਤ ੧੦੦/-, **ਸ.ਬਲਦੇਵ ਸਿੰਘ ਫੇਜ ੩ਬੀ੨ ਰਾਹੀਂ** : ਸ੍ਰੀ.ਰਾਮ ਸਰੂਪ ਜੋਸ਼ੀ ੨੦੦/-, ਬੀਬੀ ਜਗਦੀਸ਼ ਕੌਰ ੧੦੦/-, ਸ.ਹਰਬੰਸ ਸਿੰਘ ੧੦੦/-, ਸ.ਕਮਲ ਸਿੰਘ ੫੦੦/-, ਬੀਬੀ ਸ਼ਮਸ਼ੇਰ ਕੌਰ ੫੦੦/-, **ਸ.ਬਰਿੰਦਰ ਸਿੰਘ ਫੇਜ ੧੧ ਰਾਹੀਂ** : ਸ.ਗੁਰਦਿਆਲ ਸਿੰਘ ੧੦੦/-, ਸ.ਤੇਜਪਾਲ ਸਿੰਘ ੧੦੦/-, ਸ.ਪ੍ਰਭਕਿਰਤਨ ਸਿੰਘ ੧੦੦/-, ਜਗਜੀਤ ਕੈਮਿਸਟ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਤਰਸੇਮ ਸਿੰਘ ੫੦/-, ਜਨਤਾ ਆਟਾ ਚੱਕੀ ੧੦੦/-, ਸ.ਇੰਦਰ ਸਿੰਘ ੧੦੦/-, ਸ.ਰਨਬੀਰ ਸਿੰਘ ੨੦੦/-, ਸ.ਤੇਜਪਾਲ ਸਿੰਘ ੫੦/-, **ਸ.ਗੁਰਮੀਤ ਸਿੰਘ ਸੈਕਟਰ ੭੯ ਰਾਹੀਂ** : ਸ.ਗੁਰਮੀਤ ਸਿੰਘ ੧੦੦੦/-, ਸ.ਸੁੱਚਾ ਸਿੰਘ ੫੦੦/-, ਸ.ਭੁਪਿੰਦਰ ਸਿੰਘ ੨੦੦/-, ਸ੍ਰੀ.ਐਸ.ਐਸ.ਰੱਖੜਾ ੧੦੦/-, ਸ.ਰੁਪਿੰਦਰ ਸਿੰਘ ੧੦੦/-, **ਸ.ਰਣਜੀਤ ਸਿੰਘ ਸੈਕਟਰ ੭,੮, ੯, ੩੪ ਰਾਹੀਂ** : ਕੈਪਟਨ ਸੀ.ਐਸ.ਸੈਣੀ ੧੦੦/-, ਗੁਪਤ ੧੦੦/-, ਸ.ਇਕਬਾਲ ਸਿੰਘ ੨੦੦/-, **ਸ.ਸੁਖਦੇਵ ਸਿੰਘ ਸੈਕਟਰ ੩੩ ਰਾਹੀਂ** : ਸ੍ਰੀ.ਵੀ ਆਰ.ਸੇਠੀ ੫੦੦/-, ਗੁਪਤ ੨੦੦/-, **ਸ.ਅਵਤਾਰ ਸਿੰਘ ਸੈਕਟਰ ੩੨,੩੫ ਰਾਹੀਂ** : ਸ.ਸਰਬਜੀਤ ਸਿੰਘ ੧੦੦/-, ਸ.ਜਵਾਹਰ ਸਿੰਘ ੨੦੦/-, ਲੇਟ ਗਿਆਨ ਕੌਰ ੧੦੦/-, ਸ.ਰਾਜਿੰਦਰ ਸਿੰਘ ੧੦੦/-, ਬੀਬੀ ਹਰਿੰਦਰ ਕੌਰ ੫੦੦/-, ਸ.ਗੁਰਕੰਵਲ ਸਿੰਘ, ਸ.ਜਸਵੀਰ ਸਿੰਘ ੨੦੦/-, ਗੁਪਤ ੫੦੦/-, **ਸ.ਰਘਬੀਰ ਸਿੰਘ ਸੈਕਟਰ ੩੭,੩੮ ਰਾਹੀਂ** : ਸ.ਸੁਮੀਤ ਸਿੰਘ ੫੦੦/-, ਸ੍ਰੀ.ਐਮ.ਐਲ ਅਰੋੜਾ ੨੦੦/-, ਸ.ਸੋਹਨ ਸਿੰਘ ੨੦੦/-, ਸ.ਜਗਜੀਤ ਸਿੰਘ ੧੦੦/-, ਸ.ਹਰਬੰਸ ਸਿੰਘ ੧੧੦੦/-, ਸ੍ਰੀ.ਜੇ.ਐਮ.ਐਸ. ਜੱਗੀ ੧੦੦/-, ਸ.ਹਰਪ੍ਰੀਤ ਸਿੰਘ ੧੦੦੦/-, ਸ.ਰਘਬੀਰ ਸਿੰਘ ੫੦੦/-,

**ਸ.ਬਲਿਹਾਰ ਸਿੰਘ ਸੈਕਟਰ ੪੪ ਰਾਹੀਂ** : ਡਾ.ਸੁਰਿੰਦਰ ਸਿੰਘ ੩੦੦+੩੦੦/-, ਸ.ਰਤਨ ਸਿੰਘ ੧੦੦+੧੦੦/-, ਸ.ਦਿਲਾਵਰ ਸਿੰਘ ੧੦੦+੧੦੦/-, ਸ.ਬਲਿਹਾਰ ਸਿੰਘ ੫੦੦+੫੦੦/-, **ਸ.ਹਰਜਿੰਦਰ ਸਿੰਘ ਸੈਕਟਰ ੪੬ ਰਾਹੀਂ** : ਬੀਬੀ ਦਲਜੀਤ ਕੌਰ ੫੦/-, ਸ੍ਰੀ.ਓਮ ਪ੍ਰਕਾਸ਼ ਗੁਲਾਟੀ ੧੦੦/-, ਸ.ਅਵਤਾਰ ਸਿੰਘ ੨੦੦/-, ਸ੍ਰੀ.ਸ਼ਰਮਾ ਜੀ ਪਰਿਵਾਰ ੧੦੦/-, ਸ੍ਰੀ.ਗੁਲਾਟੀ ਜੀ ਪਰਿਵਾਰ ੧੦੦/-, ਸ.ਹਰਵਿੰਦਰ ਸਿੰਘ ੫੦੦/-, ਸ.ਹਰਜਿੰਦਰ ਸਿੰਘ ੫੦੦/-, **ਗਿਆਨੀ ਮਨਜੀਤ ਸਿੰਘ ਮੋਹਾਲੀ ਰਾਹੀਂ** : ਸ੍ਰੀ.ਰੁਬੀ ਜੀ ੧੦੦/-, ਸ੍ਰੀ.ਕੇ.ਪੀ.ਸਿੰਘ ੧੦੦/-, ਸ.ਸਰਬਜੀਤ ਸਿੰਘ ੧੦੦/-, ਸ.ਰਣਬੀਰ ਸਿੰਘ ੧੦੦/-, ਸ.ਸੁਖਮਿੰਦਰ ਸਿੰਘ ੧੦੦/-, ਬੀਬੀ ਅੰਮ੍ਰਿਤਪਾਲ ਕੌਰ ੧੦੦੦/-, ਸ.ਹਰਸ਼ਰਨ ਸਿੰਘ ੧੦੦/-, ਬੀਬੀ ਗੁਰਪ੍ਰੀਤ ਕੌਰ ੧੦੦/-, ਸ.ਤਰਲੋਚਨ ਸਿੰਘ ੫੦੦/-, ਬੀਬੀ ਗਿਆਨ ਕੌਰ ੨੦੦/-, ਗੁਪਤ ੧੦੦੦/-, ਸ.ਅਜੀਤ ਸਿੰਘ ੫੦/-, ਸ.ਮਦਨਜੀਤ ਸਿੰਘ ੫੦/-, ਸ.ਜਸਵੰਤ ਸਿੰਘ ੧੦੦/-, ਸ.ਹਰਵਿੰਦਰ ਸਿੰਘ ੧੦੦/-, ਗੁਪਤ ੫੦/-, ਸ੍ਰੀ.ਜੀ.ਐਸ.ਭੱਲਾ ੧੦੦੦/-, ਸ.ਅਨਮੋਲ ਸਿੰਘ ੨੦੦/-, ਅਕਾਲ ਓਪਟੀਕਲਜ਼ ੧੦੦/-, ਨਾਗਪਾਲ ਡਿਪਾਰਟਮੈਂਟ ਸਟੋਰ ੧੦੦/-, ਜੀ.ਕੇ.ਸਟੇਸ਼ਨਰੀ ੨੦/-, ਭੈਣਾ ਦਾ ਢਾਬਾ ੧੦੦/-, ਸ.ਤਾਰਾ ਸਿੰਘ ੧੦੦/-, ਸ.ਨਿਰਮਲ ਸਿੰਘ ੨੦੦/-, ਗੁਪਤ ੨੦੦+੧੦੦/-, ਬੀਬੀ ਬਲਵਿੰਦਰ ਕੌਰ ੧੦੦/-, ਸ.ਕੁਲਦੀਪ ਸਿੰਘ ੫੦/-, ਸ.ਰਾਜਿੰਦਰ ਸਿੰਘ ੬੦੦/-, ਸ.ਜਸਵੰਤ ਸਿੰਘ ੧੦੦/-, ਸ.ਬਲਦੇਵ ਸਿੰਘ ੧੦੦/-, ਸ.ਸਤਨਾਮ ਸਿੰਘ ੧੦੦/-, ਬੀਬੀ ਜੋਗਿੰਦਰ ਕੌਰ ੨੦/-, ਬੀਬੀ ਕੈਲਾਸ਼ ਕੌਰ ੧੦੦/-, ਸ.ਅਮਰਜੀਤ ਸਿੰਘ ੧੦੦/-, ਸ.ਉਦੇ ਪ੍ਰਤਾਪ ਕੌਰ ੨੦/-, ਬੀਬੀ ਇੰਦਰਜੀਤ ਕੌਰ ੨੦੦/-, ਸ.ਹਰਦੀਪ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਸ.ਕੁਲਜੀਤ ਸਿੰਘ ੧੦੦/-, ਸ.ਗੁਰਮੇਲ ਸਿੰਘ ੧੦੦-, ਸ.ਅਮਰਜੀਤ ਸਿੰਘ ੪੦/-, ਸ.ਗੁਰਚਰਨ ਸਿੰਘ ੨੦/-, ਸ.ਗੁਰਕੀਰਤ ਸਿੰਘ ੧੦੦/-, ਸ.ਮਨਮੋਹਨ ਸਿੰਘ ੫੦/-, ਬਾਬਾ ਜੀ ੫੦/-, ਸ.ਹਰਭਜਨ ਸਿੰਘ ੨੦/-, ਸ.ਇੰਦਰਜੀਤ ਸਿੰਘ ੧੦੦/-, ਗੁਪਤ ੧੦੦/-, ਪ੍ਰਿੰਸ ਸਟੇਸ਼ਨਰੀ ੫੦/-, ਮਿਲਨ ਸ਼ਾਪ ੫੦/-, ਚੋਹਾਨ ਜਿਊਲਰਜ਼ ੧੦੦/-, ਸ.ਜਸਜੀਤ ਸਿੰਘ ੧੦੦/-, ਸ.ਤਰਲੋਚਨ ਸਿੰਘ ੮੦੦/-, ਸ.ਬਲਦੇਵ ਸਿੰਘ ੨੦੦/-, ਬੀਬੀ ਰਤਨ ਕੌਰ ੫੦੦/-, ਸ.ਰਮਨਦੀਪ ਸਿੰਘ ੧੦੦/-, ਬੀਬੀ ਬਲਦੇਵ ਕੌਰ ੧੦੦/-, ਸ.ਮਨਜੀਤ ਸਿੰਘ ੩੦/-, ਸ.ਹਾਕਮ ਸਿੰਘ ੨੦੦/-, ਸ.ਅੰਮ੍ਰਿਤਪਾਲ ਸਿੰਘ ੫੦੦/-, ਸ.ਦਿਲਦਾਰ ਸਿੰਘ ੫੦/-, ਸ.ਜਗਜੀਤ ਸਿੰਘ ੧੦੦/-, ਸ.ਚਰਨਜੀਤ ਸਿੰਘ ੨੦੦/-, ਜੇਮ ਪਬਲਿਕ ਸਕੂਲ ੩੦੦/-, ਸ.ਸੁਰਜੀਤ ਸਿੰਘ ੧੦੦/-, ਸ.ਦਾਰਾ ਸਿੰਘ ੫੦੦/-, ਸ.ਸੁਰਜੀਤ ਸਿੰਘ ੧੦੦੦/-, ਸ੍ਰੀ.ਐਮ.ਸਿੰਘ ੫੦/-, ਸ.ਭੁਪਿੰਦਰ ਸਿੰਘ ੨੦੦/-, ਬੀਬੀ ਪਰਮਜੀਤ ਕੌਰ ੧੦੦/-, ਸ.ਮਸਤ ਸਿੰਘ ੫੦/-, ਸ.ਮਨਦੀਪ ਸਿੰਘ ੧੦੦/-, ਡਾ.ਅਤਰ ਸਿੰਘ ੫੦੦/-, ਬੀਬੀ ਹਰਿੰਦਰ ਕੌਰ ੧੦੦/-. ਕੋਠੀ ਨੰ.੧੧੫/੭੦=੨੦੦/-, ਸ.ਭੁਪਿੰਦਰ ਸਿੰਘ ੨੦੦/-, ਸ.ਰਾਜਵੰਤ ਸਿੰਘ ੨੦੦/-, ਸ.ਅਮਰਜੀਤ ਸਿੰਘ ੧੦੦/-, ਸ.ਜਸਨਦੀਪ ਸਿੰਘ ੧੦੦/-, ਸ.ਸੁਰਿੰਦਰ ਸਿੰਘ ੧੦੦/-, ਸ.ਗੁਰਦਰਸ਼ਨ ਸਿੰਘ ੨੦/-, ਸ.ਗੁਰਦੀਪ ਸਿੰਘ ੫੦/-, ਸ.ਜੋਗਿੰਦਰ ਸਿੰਘ ੫੦/-, ਦੁਆਬਾ ਫੈਸ਼ਨ ੧੦੦/-, ਸ.ਜਗਜੀਤ ਸਿੰਘ ੫੦/-, ਸ.ਹਰਬੰਸ ਸਿੰਘ ੨੦/-, ਗੁਪਤ ੨੦੦/-, ਸ.ਜੋਗਿੰਦਰ ਸਿੰਘ ੫੦/-, ਸ.ਜਤਿੰਦਰ ਸਿੰਘ ੫੦੦/-,ਬੀਬੀ ਸੁਰਜੀਤ ਕੌਰ ੧੦੦/-, ਸ.ਕਰਮ ਸਿੰਘ ੧੦੦/-, ਸ.ਹਰਭਜਨ ਸਿੰਘ ੨੦੦/-, ਸ.ਮਹਿੰਦਰ ਸਿੰਘ ੫੦/-, ਸ.ਗੁਰਨਾਮ ਸਿੰਘ ੨੦/-, ਸ.ਗੁਲਬੀਰ ਸਿੰਘ ੪੦/-, ਸ੍ਰੀ.ਏ.ਐਸ.ਪਾਹਵਾ ੧੦੦/-, ਗੁਪਤ ੧੦੦/-, ਮਜੈਸਟਿਕ ਪ੍ਰਿੰਟਿੰਗ ਪ੍ਰੈਸ ੧੦੦੦/-, ਸ੍ਵਰਗਵਾਸੀ ਸ.ਸੁਰਜੀਤ ਸਿੰਘ ੨੦੦/-, ਸ.ਜਸਵਿੰਦਰ ਸਿੰਘ ੧੦੦/-, ਸ.ਗੁਰਦੇਵ ਸਿੰਘ ੫੦/-, ਸ.ਰਾਵਿੰਦਰ ਸਿੰਘ ੩੦੦/-, ਸ.ਮਹਿੰਦਰ ਸਿੰਘ ੧੦੦/-, ਸ.ਹਰਜੀਤ ਸਿੰਘ ੨੦੦/-, ਸ.ਭੁਪਿੰਦਰ ਸਿੰਘ ੧੦੦/-, ਸ.ਹਰਿੰਦਰ ਸਿੰਘ ੨੦੦/-, ਬੀਬੀ ਲਖਵਿੰਦਰ ਕੌਰ ੧੦੦/-, ਗੁਪਤ ੫੦/-, ਸ.ਚਰਨ ਸਿੰਘ ੨੦੦/-, ਸ.ਗੁਰਨਾਮ ਸਿੰਘ ੪੦/-, ਸ.ਮੋਹਨ ਸਿੰਘ ੫੦/-, ਸ.ਜੋਗਿੰਦਰ ਸਿੰਘ ੧੦੦/-, ਬੀਬੀ ਹਰਸਿਮਰਨ ਕੌਰ ੨੦੦/-, ਸ.ਨਰਿੰਦਰ ਸਿੰਘ ੨੦੦/-, ਸ.ਰਾਜਿੰਦਰ ਸਿੰਘ ੨੦੦/-, ਬੀਬੀ ਸੁਰਿੰਦਰ ਕੌਰ ੧੦੦/-, ਸ.ਪਿਆਰਾ ਸਿੰਘ ੫੦/-, ਸ.ਹਰਦਿਆਲ ਸਿੰਘ ੫੦/-, ਸ.ਕੁਲਦੀਪ ਸਿੰਘ ੧੦੦/-, ਸ.ਅਮਰ ਸਿੰਘ ੫੦੦/-, ਬੀਬੀ ਮਨਜੀਤ ਕੌਰ ੧੦੦/-, ਬੀਬੀ ਕਰਨਜੋਤ ਕੌਰ ੧੦੦/-, ਸ.ਪ੍ਰਭਲੀਨ ਸਿੰਘ ੫੦/-, ਸ.ਪ੍ਰਦੁਮਨ ਸਿੰਘ ੧੦੦/-, ਸ੍ਰੀ.ਪ੍ਰੀਤਮ ਦਾਸ ੧੦੦/-, ਸ.ਲਾਭ ਸਿੰਘ ੧੦੦/-, ਸ.ਭੁਪਿੰਦਰ ਸਿੰਘ ੧੦੦/-, # ੨੫੪੧/੭੦=੫੦/-, ਬੀਬੀ ਸੁਖਬੀਰ ਕੌਰ ੧੦੦/-, ਸ.ਸਵਰਨ ਸਿੰਘ ੧੦੦/-, ਸ.ਜਗਪ੍ਰੀਤ ਸਿੰਘ ੨੦੦/-, ਬੀਬੀ ਸੁਰਜੀਤ ਕੌਰ ੨੦੦/-, ਸ.ਬਲਵਿੰਦਰ ਸਿੰਘ ੨੦੦/-, ਗੁਰਵਿੰਦਰ ਸਿੰਘ ੫੦੦/-, **ਸ.ਹਰਦੀਪ ਸਿੰਘ ਚੰਡੀਗੜ੍ਹ ਅਤੇ ਮੋਹਾਲੀ ਰਾਹੀਂ** : ਸ.ਜੋਗਿੰਦਰ ਸਿੰਘ ੧੦੦/-, ਬੀਬੀ ਮਨਜੀਤ ਕੌਰ ੨੦੦/-, ਸ.ਸੁਰਜੀਤ ਸਿੰਘ ੫੦/-, ਸ੍ਰੀ.ਵਾਈ.ਪੀ.ਐਸ.ਆਹਲੂਵਾਲੀਆ ੨੦੦/-, ਬੀਬੀ ਅਨੁਦੀਪ ਕੌਰ ੧੦੦੦/-, ਬੀਬੀ ਮਨਪ੍ਰੀਤ ਕੌਰ ੧੦੦/-, ਸ.ਅਮਰ ਸਿੰਘ ੫੦੦/-, ਸ.ਨਗੀਨਾ ਸਿੰਘ ੫੦/-, ਸ.ਮੋਹਨ ਸਿੰਘ ੧੦੦/-, ਸ.ਅਲਬੇਲ ਸਿੰਘ ੧੦੦/-, ਸੇਠੀ ਪਰਿਵਾਰ ੧੦੦/-, ਸ.ਗੁਰਦਿਆਲ ਸਿੰਘ ੫੦/-, ਸ.ਸਤਬੀਰ ਸਿੰਘ ੫੦੦/-, ਸ.ਹਰਵਿੰਦਰ ਸਿੰਘ ੧੦੦/-, ਸ.ਗੁਰਦਿਆਲ ਸਿੰਘ ੫੦/-, ਗੁਪਤ ੫੦/-, ਬੀਬੀ ਮਨਜੀਤ ਕੋਰ ੫੦+੩੦/-, ਬੀਬੀ ਸਿੰਦਰਪਾਲ ਕੌਰ ੨੦੦/-, ਸਡਾਨਾ ਜਨਰਲ ਸਟੋਰ ੫੦੦/-, ਬੀਬੀ ਹਰਬੰਸ ਕੌਰ ੫੦੦/-, ਸ.ਅਮਰਜੀਤ ਸਿੰਘ ੨੦੦/-, ਸ.ਨਾਰੰਗ ਸਿੰਘ ੧੦੦/-, ਸ.ਕਰਤਾਰ ਸਿੰਘ ੧੦੦/-, ਸ.ਗੁਰਦੀਪ ਸਿੰਘ ੨੦੦/-, ਸ੍ਰੀ.ਜੀ.ਐਸ.ਉਬਰਾਏ ੫੦/-, **ਸ.ਮਨਿੰਦਰ ਸਿੰਘ ਚੰਡੀਗੜ੍ਹ ਰਾਹੀਂ** : ਸ.ਕਰਨੈਲ ਸਿੰਘ ੧੦੦/-, ਸ.ਚਰਨਜੀਤ ਸਿੰਘ ੧੦੦/-, ਸ.ਗੁਰਬਖਸ਼ ਸਿੰਘ ੫੦੦/-, ਸ.ਜਸਵੰਤ ਸਿੰਘ ੫੦੦/-, ਸ.ਬਲਵੰਤ ਸਿੰਘ ੫੦੦/-, ਸ.ਰਵਿੰਦਰ ਕੌਰ ੧੦੦੦/-, ਸਿੰਘ ਆਟੋ ੧੦੦/-,

# ਸ਼ੋਕ ਸੰਦੇਸ਼

## ਸ.ਤੇਜ ਸਿੰਘ ਜੀ



ਸ.ਤੇਜ ਸਿੰਘ ੩੦-੦੬-੧੯੯੬ ਨੂੰ ਹਰਿਆਣਾ ਸਰਕਾਰ ਦੇ ਫੂਡ ਸਪਲਾਈ ਮਹਿਕਮੇ ਤੋਂ ਅਸਿਸਟੈਂਟ ਫੂਡ ਸਪਲਾਈ ਅਫ਼ਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ। ਆਪ ਦੀ ਸੇਵਾ ਮੁਕਤੀ ਪਿਛੋਂ 'ਗੁਰਬਾਣੀ ਚਾਨਣੁ' ਸੰਸਥਾ ਨਾਲ ਜੁੜ ਗਏ ਅਤੇ ਲਗਾਤਾਰ ਸੰਸਥਾ ਵਿੱਚ ਆ ਕੇ ਸੇਵਾ ਵਿੱਚ ਭਾਗ ਲੈਣ ਲੱਗੇ। ਆਪ ਜੀ ਨੇ ਸੈਕਟਰ ੬੮ ਵਿੱਚ ਪੱਤ੍ਰਿਕਾ ਦੀ ਹੱਥੀਂ ਵੰਡ ਦੀ ਲੰਮੇ ਸਮੇਂ ਤੱਕ ਸੇਵਾ ਕੀਤੀ ਅਤੇ ਸੰਸਥਾ ਲਈ ਮਾਇਕ ਸਹਾਇਤਾ ਵੀ ਕਰਦੇ ਰਹੇ। ਸੰਸਥਾ ਦੇ ਹਰ ਸਮਾਗਮ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਰਹੇ।

ਸੰਸਥਾ 'ਗੁਰਬਾਣੀ ਇਸੁ ਜਗ ਮਹਿ ਚਾਨਣੁ' ਉਨ੍ਹਾਂ ਦੇ ਮਿਤੀ ਇੱਕ ਫਰਵਰੀ ੨੦੨੪ ਨੂੰ ਹੋਏ ਅਕਾਲ ਚਲਾਣੇ ਤੇ ਤਹਿ ਦਿਲੋਂ ਪਰਿਵਾਰ ਨਾਲ ਦੁੱਖ ਵੰਡਾਉਦੀ ਹੋਈ ਪਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਅਜੇਹੀ ਗੁਰਸਿੱਖ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣਾ ਦਾ ਬਲ ਬਖਸ਼ੇ।

## ਸ.ਜਸਵੰਤ ਸਿੰਘ ਜੀ



ਸ.ਜਸਵੰਤ ਸਿੰਘ ਜੀ ਸੈਂਟਰਲ ਟੈਲੀਗ੍ਰਾਫ ਚੰਡੀਗੜ੍ਹ ਤੋਂ ੩੧-੧੨-੨੦੦੦ ਨੂੰ ਸੇਵਾ ਮੁਕਤ ਹੋਏ। ਆਪ ਜੀ ਸੰਸਥਾ ਦੇ ਬਾਨੀ ਭਾਈ ਸਰਦਾਰਾ ਸਿੰਘ ਜੀ ਨਾਲ ਸਰਕਾਰੀ ਸੇਵਾ ਵਿੱਚ ਸਹਿਕਰਮੀ ਸਨ। ਜਿਸ ਕਰਕੇ ਜਦੋਂ ਭਾਈ ਸਰਦਾਰਾ ਸਿੰਘ ਜੀ ਨੇ ਸੰਸਥਾ 'ਗੁਰਬਾਣੀ ਚਾਨਣੁ' ਸਥਾਪਿਤ ਕੀਤੀ ਤਾਂ ਆਪ ਜੀ ਸੰਸਥਾ ਨਾਲ ਜੁੜ ਕੇ ਗੁਰਬਾਣੀ ਚਾਨਣੁ ਪੱਤ੍ਰਿਕਾ ਦੇ ਵਿੱਚ ਹਰ ਤਰਾਂ ਨਾਲ ਪੂਰਾ ਸਹਿਯੋਗ ਦਿੰਦੇ ਰਹੇ। ਆਪ ਜੀ ਸੰਸਥਾ ਵਿੱਚ ਸਹਿਜ ਪਾਠ ਦੀ ਨਿਸ਼ਕਾਮ ਸੇਵਾ ਕਰਦੇ ਰਹੇ। ਆਪ ਜੀ ਸੰਸਥਾ ਵਿੱਚ ਹਰੇਕ ਪ੍ਰਕਾਰ ਸੇਵਾ ਵਿੱਚ ਵਧ ਚੜ੍ਹ ਕੇ ਹਿੱਸਾ ਲੈਂਦੇ ਸਨ।

ਉਨ੍ਹਾਂ ਦੇ ਮਿਤੀ ੨੭ ਫਰਵਰੀ ੨੦੨੪ ਨੂੰ ਹੋਏ ਅਕਾਲ ਚਲਾਣੇ ਦੇ ਸੰਬੰਧ ਵਿੱਚ 'ਸੰਸਥਾ' ਇਸ ਨਾ ਪੂਰੇ ਜਾਣ ਵਾਲੇ ਘਾਟੇ ਨੂੰ ਮਹਿਸੂਸ ਕਰਦੀ ਹੈ ਅਤੇ ਪਰਮਾਤਮਾ ਅੱਗੇ ਅਰਦਾਸ ਕਰਦੀ ਹੈ ਕਿ ਅਜੇਹੀ ਗੁਰਸਿੱਖ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

Date of Publication :1st & 2nd of every Month. Posted Through MB
P.O. Regn. G/CHD/0090/2024-2026
Regd. Newspaper R.N.I. PUNPUN/ 2000/3037
'ਗੁਰਬਾਣੀ ਚਾਨਣੁ' (ਮਾਸਿਕ ਪੱਤ੍ਰਿਕਾ)
If Undelivered Return to: Bhawan No. 6, Phase-3-A (Sec-53)
S.A.S. Nagar, MOHALI (Chandigarh) - 160059 (INDIA)

# ਬਾਰਹ ਮਾਹਾ ਮਾਂਝ ਮਹਲਾ ੫ ਘਰੁ ੪

(ਅੰਗ-੧੧੦੮)

## ਮਹੀਨਾ ਵੈਸਾਖ

**ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ ॥ ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ ॥ ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ ॥ ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ ॥ ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ ॥ ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ ॥ ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ ॥ ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ ॥ ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ ॥੩॥**

ਵੈਸਾਖ ਮਹੀਨੇ ਦਾ ਜ਼ਿਕਰ ਕਰਦੇ ਫੁਰਮਾਉਂਦੇ ਹਨ। ਵਿਛੋੜੇ ਵਿੱਚ ਵਿਛੜੀ ਹੋਈ ਰੂਹ ਨੂੰ ਕਿਵੇਂ ਧੀਰਜ ਆ ਸਕਦਾ ਹੈ। ਵਾਹਿਗੁਰੂ ਜੀ ਸਾਡੇ ਮਿੱਤ੍ਰ ਹਨ, ਪਿਆਰੇ ਹਨ, ਸਭ ਤੋਂ ਨੇੜੇ ਦੇ ਸਬੰਧੀ ਹਨ ਅਤੇ ਸਰਬ-ਸ਼ਕਤੀ ਮਾਨ ਹਨ, ਉਨ੍ਹਾਂ ਨੂੰ ਵਿਸਾਰ ਕੇ ਅਸੀਂ ਮਾਇਆ ਦੇ ਚੱਕਰ ਵਿੱਚ ਪਏ ਹੋਏ ਹਾਂ।

ਮਾਇਆ ਦੇ ਛਲ ਨਾਲ ਛਲੇ ਗਏ ਹਾਂ। ਧੀਆਂ-ਪੁੱਤ੍ਰ, ਇਸਤਰੀ ਅਤੇ ਪੈਸਾ ਸੰਗ ਨਹੀਂ ਜਾਂਦਾ। ਸਾਡਾ ਸਾਥ ਨਹੀਂ ਦੇ ਸਕਦੇ।

ਅਬਿਨਾਸ਼ੀ ਤਾਂ ਉਹ (ਪ੍ਰਭੂ) ਇਕੋ ਹੈ ਜਿਸ ਨੇ ਸਾਥ ਦੇਣਾ ਹੈ। ਇਕ ਵਾਹਿਗੁਰੂ ਦਾ ਨਾਮ ਹੀ ਨਾਲ ਜਾਵੇਗਾ, ਹੋਰ ਕੁਝ ਨਹੀਂ। ਨਾਮ ਤੋਂ ਬਿਨਾਂ ਅੱਗੇ ਜਾਣ ਵੇਲੇ ਅਸੀਂ ਲੁੱਟੇ ਜਾਵਾਂਗੇ। ਸਭ ਕੁਝ ਸਾਡਾ ਖੋਹ ਲਿਆ ਜਾਵੇਗਾ।

ਸੋ ਸਤਿਗੁਰੂ ਜੀ ਫਰਮਾਉਂਦੇ ਹਨ ਕਿ ਪਰਮਾਤਮਾ ਜਿਸ ਤੋਂ ਬਿਨਾਂ ਹੋਰ ਦੂਜਾ ਕੁਝ ਵੀ ਨਹੀਂ, ਉਸ ਨੂੰ ਚੇਤੇ ਨਾ ਕਰਕੇ ਪਛਤਾਉਣਾ ਹੀ ਪਵੇਗਾ।

ਹਾਂ ਜੋ ਆਪਣੇ ਪ੍ਰੀਤਮ (ਵਾਹਿਗੁਰੂ) ਪਿਆਰੇ ਦੇ ਚਰਨਾਂ ਨਾਲ ਪਿਆਰ ਕਰਦੇ ਹਨ, ਭਾਵ ਉਸ ਦਾ ਨਾਮ ਜਪਦੇ ਹਨ, ਉਨ੍ਹਾਂ ਨੂੰ ਮਾਨ-ਵਡਿਆਈ ਮਿਲਦੀ ਹੈ।

ਸਤਿਗੁਰੂ ਨਾਨਕ ਦੇਵ ਜੀ ਆਖਦੇ ਹਨ ਕਿ ਪ੍ਰਭੂ ਜੀ, ਮੈਨੂੰ ਅਪਣੇ ਅੰਗ ਲਾਵੋ ਅਤੇ ਇਸ ਤਰ੍ਹਾਂ ਮੈਂ ਸਦਾ ਸਦਾ ਹੀ ਆਪ ਜੀ ਨੂੰ ਮਿਲਿਆ ਰਹਾਂ। ਇਸ ਤਰਾਂ ਵੈਸਾਖ ਦਾ ਮਹੀਨਾ ਤਾਂ ਹੀ ਸੋਹਣਾ ਲਗਦਾ ਹੈ ਜੇਕਰ ਅਸੀਂ ਉਸ ਹਰੀ (ਸੰਤ) ਨੂੰ ਮਿਲ ਜਾਂਦੇ ਹਾਂ।